ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ
ਗੁਰਮਤਿ ਮਾਸਕ ਪੱਤਰ


ਐਡੀਟਰ ਦਲਜੀਤ ਸਿੰਘ

[ਜਿਲਦ ੫ Sept 1971 ਅੰਕ ੮]

ਸਲਾਨਾ ਚੰਦਾ ਦੇਸ 6 ਰੁਪਏ
ਪ੍ਰਦੇਸ ਸਮੁੰਦਰੀ 12 ਰੁਪਏ
ਪ੍ਰਦੇਸ ਹਵਾਈ 20 ਰੁਪਏ

ਫ਼ਰੀ ਇੰਡੀਆ ਪ੍ਰਿੰਟਰਜ਼, ਖਿੰਗਰਾਂ ਗੇਟ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305-L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।


www.AKJ.Org

# ਲੇਖ ਸੂਚੀ


| | | | |
|---|---|---|---|
| 1. | ਸ਼ਬਦ-ਗੁਰੂ | ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ | 5 |
| 2. | ਹਉਮੈਂ ਬੂਝੈ ਤਾ ਦਰੁ ਸੂਝੈ | ਪ੍ਰੋ: ਹਰਬੰਸ ਸਿੰਘ ਜੀ | 10 |
| 3. | ਸਤਿਨਾਮ ਤੇਰਾ ਪਰਾ ਪੂਰਬਲਾ | ਭਾਈ ਮਨਮੋਹਨ ਸਿੰਘ ਜੀ ਐਮ. ਐਸ. ਸੀ. | 17 |
| 4. | ਸਿੰਘ ਦਾ ਮੌਤ ਨੂੰ ਮਖ਼ੌਲ | ਭਾਈ ਸਾਹਿਬ ਭਾਈ ਹਰਿਚਰਨ ਸਿੰਘ ਜੀ ਚੰਡੀਗੜ੍ਹ | 21 |
| 5. | ਸ੍ਰ: ਹਰੀ ਸਿੰਘ ਨਲਵੇ ਦਾ ਆਗਿਆਕਾਰੀ ਘੋੜਾ | ਭਾਈ ਸਾਹਿਬ ਭਾਈ ਹਰਿਚਰਨ ਸਿੰਘ ਜੀ ਚੰਡੀਗੜ੍ਹ | 25 |
| 6. | ਬਾਬੇ ਦਾ ਸੁਨੇਹਾ | ਭਾਈ ਸਾਹਿਬ ਭਾਈ ਗੁਰਚਰਨ ਸਿੰਘ ਜੀ | 26 |
| 7. | ਅਰਦਾਸ | ਪ੍ਰਿੰ: ਕੁਲਦੀਪ ਕੌਰ ਜੀ | 30 |
| 8. | ਸਤਿਗੁਰ ਜਾਗਤਾ ਹੈ ਦੇਉ | ਗਿਆਨੀ ਜਸਮੇਰ ਸਿੰਘ ਪਾਲ | 40 |
| 9. | ਭੈ ਬਿਨ ਕੋਇ ਨ ਲੰਘਸਿ ਪਾਰ | ਪ੍ਰੋ: ਗੁਰਮੁਖ ਸਿੰਘ ਜੀ | 46 |


www.AKJ.Org

# ਨਾਮ ਅਭਿਆਸੀਆਂ ਦਾ ਅੰਮ੍ਰਿਤ ਵੇਲਾ ਤੇ ਗੁਰਮੰਤ੍ਰ ਦੀ ਕਲਾ-ਕ੍ਰਿਸ਼ਮੀ ਮਹਿਮਾ

*ਵਲੋਂ : ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

ਪਿਛਲੇ ਪਹਿਰ ਸੁਬਾਹ ਦੇ, ਸੁਰਤਿਆਂ ਨੂੰ ਚੜ੍ਹਿਆ ਚਾਉ ਦਰਿਆਉ ਨ੍ਹਾਵੋਲਿਆਂ ਦਾ।
ਨਾਵਣਿ ਨਾਮ ਅਭਿਆਸ ਦੀ ਤਾਰ ਲਾਵਣਿ, ਹੋਇਆ, ਨ੍ਹਾਵਣਾ, ਸੁਧਾ ਸਰੋਲਿਆਂ ਦਾ।
ਅੰਮ੍ਰਿਤ ਨਾਮ ਲਿਵਤਾਰ ਇਸ਼ਨਾਨ ਕਰਨਾ, ਦਿਲ ਦਰਿਆਉ ਗੋਤਾ ਲਿਵ ਚੁਭੋਲਿਆਂ ਦਾ।
ਚੁੱਭਾ ਲਾਇ ਉੱਭਾ, ਸ਼ਬਦ ਸਰਤਿ ਖੁੱਭਾ ਨਿਰਭਉ ਤੇਰਨਾ ਮੀਨ ਤਰੋਲਿਆਂ ਦਾ। ੩੩।

ਅੰਮ੍ਰਿਤ ਵੇਲੜਾ ਬਿਰਤੀਆਂ ਜੋੜਨੇ ਦਾ, ਦੇਣਾ ਵੇਲ਼ ਨ ਸੁਰਤਿ ਖਿਸਕੋਲਿਆਂ ਦਾ।
ਖਿਸਕੇ ਸੁਰਤਿ ਨਾ, ਸ਼ਬਦ ਲਿਵਤਾਰ ਵਿਚੋਂ, ਰਸ ਵਿਰੋਲਣਾ, ਅਮੀ ਮਿਸ਼ਟੋਲਿਆਂ ਦਾ।
ਸੱਚਾ ਪਰਖ ਪਰਖਾਉ ਪਰਤਾਉ ਸੱਚਾ, ਵੱਖਤ ਉਪਰੇ, ਜੂਝ ਮਰਨੋਲਿਆਂ ਦਾ।
ਨਿਤ ਜੂਝਣਾ, ਲੂਝਣਾ ਮਾਰਿ ਮਨੂਆਂ, ਜਾਪ ਅਲਾਪ ਕੇ, ਸਾਰ ਸ਼ਬਦੋਲਿਆਂ ਦਾ। ੩੪।

ਸ਼ਬਦ ਮੰਤ੍ਰ ਲਿਵਤਾਰ. ਮਨ ਪਵਨ ਮਗਨੇ, ਉਨਮਨਾਰ, ਝੁਨਕਾਰ ਸਹਿਜੋਲਿਆਂ ਦਾ।
ਚਮਕੇ, ਕੋਟ ਬਿਜਲਾਰ ਗਗਨਾਰ ਗਮਕੇ, ਅੰਗ ਅੰਗ ਰਮਕੇ ਰਮਣੀਓਲਿਆਂ ਦਾ।
ਨਾਭ ਕਮਲ ਟਹਿਕੇ ਸਗਲ ਭਵਨ ਮਹਿਕੇ, ਚਹਿਕੇ, ਚਮਨ ਰਸ ਪੋਹਪ ਧੂਪੋਲਿਆਂ ਦਾ।
ਧੂਪ, ਪੋਹਪ ਅਮੀਆਲੜਾ, ਰੱਸ ਰਸਿਆ, ਰੋਮ ਰੋਮ ਵਿਧਾ, ਰਸੀਅੜੋਲਿਆਂ ਦਾ। ੩੫।

ਸਭ ਰੋਮਾਵਲੀ ਅਮੀ ਪ੍ਰਹਾਰ ਰਸੇ, ਬਰਸੇ ਮੇਂਹ ਹਿਵਧਾਰ ਰੋਮੋਲਿਆਂ ਦਾ।
ਰੋਮ ਰੋਮ ਨੂੰ ਲਗੀਆਂ ਕੋਟ ਰਸਨਾ ਹੋਵੇ ਜਾਪ ਅਟੋਟ ਅਜਪੋਲਿਆਂ ਦਾ।
ਸਭ ਰਸਨਾਵਲੀ, ਬਣੀ ਰੋਮਾਵਲੀ ਦੀ, ਘਨਹਰ ਕੁਸਮ ਬਸੰਤ ਬੂੰਦੋਲਿਆਂ ਦਾ।
ਕਣੀ, ਜੋਤਿ ਮਣਿ, ਕਮਲ ਟਹਿਕੋਲਿਆਂ ਦੀ, ਅਮੀ ਤ੍ਰੂੰਗ ਉਦਰ ਸਾਰਗੋਲਿਆਂ ਦਾ। ੩੬।

ਸੀਤਲ ਠਾਰ ਸਰੱਸਕੇ, ਹੋਇ ਹਿਰਦਾ, ਦਰਸ਼ਨ ਦੇਖ ਕੇ ਅਮਿਉ ਦਰਸੋਲਿਆਂ ਦਾ।
ਉਰਧ ਕਮਲ ਵਿਗਸ ਕੇ ਹੋਇ ਸੂਧਾ, ਸੁਧਾ ਛੱਕ ਕੇ, ਸ਼ਬਦ ਸੁਰਤੋਲਿਆਂ ਦਾ।
ਮਨਿ ਅਨਾਹਦ ਬਿਸਮਾਦ ਸੁਆਦ ਆਵੈ, ਭੂੰਚਿ ਸੀਤ ਪ੍ਰਸਾਦ ਬਿਸਮੋਲਿਆਂ ਦਾ।
ਸਹਿਜ ਅਗਾਧ ਸਮਾਧਿ ਲਿਵਲੀਨ ਹੋਈਏ, ਸੁਣਕੇ ਕੀਰਤਨ ਬਿਸਮ ਸਰੋਲਿਆਂ ਦਾ ੩੭।

ਰਾਗੁ ਨਾਦ ਸੁਰ ਤਾਰੁ ਕੀ ਕਰਨ ਓਥੇ, ਕੜ ਪਾਟਿਆ ਅਗਮ ਤ੍ਰੰਗੋਲਿਆਂ ਦਾ।
ਪੜੀਆਂ ਪੰਚਮਾਂ ਰੁਲਦੀਆਂ ਫਿਰਨਿ ਪਈਆਂ, ਜਾਂ ਉਘਾੜ ਹੋਇਆ ਗਗਨੋਲਿਆਂ ਦਾ।
ਪਿਛੇ ਲਗੀਆਂ ਫਿਰਨਿ ਸੁਰ ਤਾਲ ਧੁਨੀਘਾਂ, ਜਾਂ ਕਪਾਟ ਖੁਲ੍ਹਾ ਉਨਮਨੋਲਿਆਂ ਦਾ।
ਕੀਰਤਨ ਅਗਮ ਤ੍ਰੱਟ ਡ੍ਰੰਗ ਛਿੜਿਆ, ਝਰਨਾ ਝਰੇ, ਜਾਂ ਨਿਝਰ ਝਰੋਲਿਆਂ ਦਾ। ੩੮।

(ਜੋਤ ਵਿਗਾਸ ਵਿਚੋਂ)



www.AKJ.Org

# ਵਾਹਿਗੁਰੂ ਦੇ ਰੰਗ

*ਵਲੋਂ : ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ।*

ਗਉੜੀ ਮਹਲਾ ੪ ॥ ਸਬਹੂ ਕੋ ਰਸੁ ਹਰਿ ਹੋ ॥ ੧ ॥ ਰਹਾਉ ॥
ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ । ਕਾਹੂ ਹੋ ਡੰਡ
ਧਰਿ ਹੋ । ੧ । ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ।
ਕਾਹੂ ਹੋ ਗਉਨੁ ਕਰਿ ਹੋ । ੨ । ਕਾਹੂ ਤੀਰ ਕਾਹੂ ਨੀਰ ਕਾਹੂ ਬੇਦ
ਬੀਚਾਰ । ਨਾਨਕ ਭਗਤਿ ਪ੍ਰਿਆ ਹੋ । ੩ । ੨ । ੧੫੫ ।

ਹੇ ਵਾਹਿਗੁਰੂ ਤੁਸੀਂ 'ਸਾਰਿਆਂ ਲਈ' ਹਰ ਕਿਸੇ ਲਈ ਰਸ ਰੂਪ ਰਸ ਦਾਤੇ ਬਣੇ ਹੋਏ ਹੋ। ਕਿਸੇ ਨੂੰ ਜੋਗ ਦਾ ਰਸ ਹੈ । ਉਸ ਦੇ ਕਰਮਾਂ ਅਨੁਸਾਰ ਉਸ ਦੇ ਜੋਗ ਵਿਚ ਹੀ ਪਰਚਾ ਛਡਦੇ ਹੋ । ਕਿਸੇ ਨੂੰ ਭੋਗ ਦਾ ਚਸਕਾ ਪਿਆ ਹੋਇਆ ਹੈ । ਐਸੇ ਭੋਗ ਚਸਕੀਏ ਲੋਗ ਉਹਨਾਂ ਦੇ ਪੂਰਬਲੇ ਕਰਮਾਂ ਅਨੁਸਾਰ ਵਾਹਿਗੁਰੂ ਨੇ ਪਰੇਰ ਕੇ ਉਹਨਾਂ ਨੂੰ ਭੋਗ ਰਸਾਂ ਵਿਚ ਹੀ ਪਰਚਾ ਛਡਿਆ ਹੈ । ਕਿਸੇ ਨੂੰ ਚੁੰਚ ਗਿਆਨ ਦਾ ਚਰਚਾ ਪਰਚਾ ਪਿਆ ਹੋਇਅ ਾਹੈ । ਕੋਈ ਆਪਣੇ ਆਪ ਨੂੰ ਧਿਆਨੀ ਸਦਾਉਣ ਵਿਚ ਹੀ ਰਸ ਮਸਤ ਹੈ ।ਉਹਨਾਂ ਨੂੰ ਉਸੇ ਪਾਸੇ ਹੀ ਲਾ ਸਕਦੇ ਹੋ । ਵਾਸਤਵ ਵਿਚ ਵਾਹਿਗੁਰੂ ਉਹਨਾਂ ਦੇ ਪੂਰਬਲੇ ਕਰਮਾਂ ਦੇ ਫਲ ਪਰਦਾਤੇ ਹੋ ਕੇ ਐਸੇ ਕਰਮ ਕਰਵਾਉਣ ਦੇ ਪਰੇਰਕ ਹੋ ਰਹੇ ਹਨ । ਕੋਈ ਡੰਡਾ ਧਾਰੀ ਬਣਨ ਵਿਚ ਹੀ ਰਸ ਮਗਨ ਹੈ, ਉਸ ਨੂੰ ਉਸੇ ਪਾਸੇ ਹੀ ਪਰਚਾ ਛਡਿਆ ਹੈ । ਕਈ ਪਰਕਾਰ ਦੇ ਅਨਮਤੀ ਜਪੀ ਤਪੀ ਸਦਾਉਣ ਵਾਲੇ ਆਪੋ ਆਪਣੇ ਮਨਉਕਤ ਜਾਪ ਤਾਪ ਵਿਚ ਹੀ ਪਰੇਰਕ ਦੇ ਪਰੇਰੇ ਹੋਏ ਰੁਝ ਰਹੇ ਹਨ । ਕੋਈ ਪੂਜਾ ਹਵਨ ਯਗ ਕਰਨ ਵਿਚ ਹੀ ਆਪਣੀ ਮੁਕਤੀ ਸਮਝੀ ਬੈਠਾ ਹੈ ਤੇ ਏਸੇ ਪਾਸੈ ਹੀ ਪਰਵਿਰਤ ਹੋਇਆ ਹੈ । ਵਾਸਤਵ ਵਿਚ ਲਾਉਣਹਾਰੇ ਪੂਰਬਲੇ ਕਰਮਾਂ ਦੇ ਫਲ ਪਰਦਾਤੇ ਵਾਹਿਗੁਰੂ ਨੇ ਉਸ ਨੂੰ ਏਸੇ ਪਾਸੇ ਲਾ ਛਡਿਆ ਹੈ । ਕਿਸੇ ਨੂੰ ਫਿਰਤੂ ਘਿਰਤੂ ਬਣੇ ਰਹਿਣ ਦਾ ਹੀ ਸ਼ੌਕ ਕੁਦਿਆ ਹੋਇਆ ਹੈ । ਉਹ ਸਦਾ ਸਾਰੀ ਬਸੁਧਾ ਧਰਤੀ ਦੇ ਗਵਨ ਕਰਨ ਵਿਚ ਹੀ ਲੱਥ ਪੱਥ ਹੋ ਰਿਹਾ ਹੈ । ਕੋਈ ਤੀਰਥਾਂ ਦੇ ਕਿਨਾਰਿਆਂ ਤੇ ਵਾਸਾ ਰਖਣ ਲਈ ਸਾਰੀ ਉਮਰ ਤਹੂ ਹੋਇ ਕੇ ਅਸਥਾਨ ਤੇ ਬਹੂ (ਬੈਠਣ ਵਾਲਾ) ਹੋ ਕੇ ਇਸ ਪਾਸੇ ਲਟੂ ਹੋ ਰਹਿੰਦਾ ਹੈ ਤੇ ਕੋਈ ਤੀਰਥਾਂ ਦੀ ਜਗਾ ਵਿਖੇ ਮਜਨ ਇਸ਼ਨਾਨੀ ਕਰਨ ਵਿਚ ਹੀ ਭਲਾਈ ਸਮਝਦਾ ਹੈ । ਕਿਸੇ ਨੂੰ ਬੇਦ ਬਿਚਾਰੀ ਬਨਣ ਦੀ ਫਿਟਕ ਹੀ ਲਗੀ ਹੋਈ ਹੈ ਪਰੰਤੂ ਗੁਰੂ ਨਾਨਕ ਸਾਹਿਬ ਸਿਟੇ ਦੀ ਗਲ ਇਹ ਫੁਰਮਾਉਂਦੇ ਹਨ ਕਿ ਵਾਹਿਗੁਰੂ ਨੂੰ ਅਪਣੀ ਭਗਤੀ ਹੀ ਪਿਆਰੀ ਹੈ। ਭਗਤਾਂ ਦੇ ਹੀ ਸਚੇ ਪਿਆਰੇ ਹਨ। ਗੁਰਮੁਖ ਜਨਾਂ ਦੀ ਗੁਰਮਤਿ ਪ੍ਰਇਣ ਭਗਤੀ ਉਤੇ ਹੀ ਤੁਠਦੇ ਹਨ, ਹੋਰ ਆਨਮਤੀ ਕਰਮ ਕਾਂਡੀਆਂ ਨੂੰ ਠਾਠਾ ਬਾਗਾ ਕਰਕੇ ਹੀ ਪਰਚਾ ਛਡਦੇ ਹਨ । ਗੁਰੂ ਨਾਨਕ ਸਾਹਿਬ ਜੀ ਦੀ ਕ੍ਰਿਪਾ ਦ੍ਰਿਸ਼ਟੀ ਜਦੋਂ ਉਹਨਾਂ ਤੇ ਹ ਗਈ ਤਾਂ ਉਹ ਭੀ ਗੁਰਮਤ ਭਗਤਿ ਮੰਡਲ ਵਿਚ ਆ ਕੇ ਵਾਹਿਗੁਰੂ ਦੇ ਪਿਆਰੇ ਹੋ ਜਾਨਗੇ ।



www.AKJ.Org

# ਸ਼ਬਦ-ਗੁਰੂ

ਵਲੋਂ :– ਭਾਈ ਸਾਹਿਬ ਭਾਈ
ਜੋਗਿੰਦਰ ਸਿੰਘ ਜੀ, ਤਲਵਾੜਾ।

'ਗੁਰੂ-ਜੋਤ' ਸ੍ਰੀ ਗੁਰੂ ਨਾਨਕ ਦੇਵ ਜੀ ਅੰਦਰ 'ਗੁਰੂ ਸ਼ਬਦ' ਦਵਾਰਾ ਪ੍ਰਵੇਸ਼ ਹੋਈ। ਉਹਨਾਂ ਅੰਦਰੋਂ ਫਿਰ 'ਗੁਰੂ ਸ਼ਬਦ' ਦਵਾਰਾ ਬਾਕੀ ਗੁਰੂ ਵਿਅਕਤੀਆਂ ਅੰਦਰ ਪ੍ਰਵੇਸ਼ ਹੋਈ ਅਤੇ ਹੁਣ ਆਪਣੇ ਸ਼ੁਧ "ਸ਼ਬਦ-ਰੂਪ" ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਿਦਮਾਨ ਹੈ। ਗੁਰੂਆਂ ਦੇ ਸ੍ਰੀਰਕ ਜਾਮੇ ਸਮੇਂ ਸਮੇਂ ਬਦਲਦੇ ਰਹੇ ਹਨ ਪਰ 'ਜੋਤ' ਉਹੋ ਹੀ ਰਹੀ। ਹੁਣ ਪੰਜ ਭੂਤਕ ਸ੍ਰੀਰ ਜਾਮੇ ਵਿਚ ਨਹੀਂ ਸੂਖਸ਼ਮ 'ਸ਼ਬਦ-ਜਾਮੇ' ਅੰਦਰ ਹੈ। ਗੁਰਮਤਿ ਅੰਦਰ ਗੁਰੂ ਪਦਵੀ ਅਰੰਭ ਤੋਂ 'ਗੁਰੂ ਸ਼ਬਦ' ਨੂੰ ਹੀ ਪ੍ਰਾਪਤ ਹੈ ਅਤੇ ਇਹ ਸੰਥਿਆ ਸੁਜਾਣ ਪਾਂਧੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖ ਪੁਤਰਾਂ ਨੂੰ ਦੇ ਕੇ ਪ੍ਰਪੱਕ ਕੀਤੀ। ਆਪ ਜੀ ਜਦੋਂ ਸੰਸਾਰ-ਫੇਰੀਆਂ ਲਾਉਂਦੇ ਹੋਏ ਸਿਧਾਂ ਪਾਸ ਪੁਜੇ ਤਾਂ ਸਿਧਾਂ ਨਾਲ ਗਿਆਨ ਚਰਚਾ ਹੋਈ ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਸਿਧ ਗੋਸਟ" ਦੇ ਸਿਰਲੇਖ ਹੇਠ ਅੰਕਿਤ ਹੈ। ਪ੍ਰਮੁਖ ਸਵਾਲ ਜੋ ਸਿਧਾਂ ਨੇ ਕੀਤਾ ਉਹ ਇਹ ਸੀ :—

ਕਵਣ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ ਕਿਸ ਕਾ ਤੂੰ ਚੇਲਾ ॥

ਤੇ ਗੁਰੂ ਬਾਬੇ ਜੀ ਦਾ ਉਤਰ ਸੀ—

"ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
'ਸਬਦੁ' ਗੁਰੂ ਸੁਰਤਿ ਧੁਨਿ ਚੇਲਾ।" (ਸਿਧ ਗੋਸਟ)

ਏਸੇ ਵਿਚਾਰ ਧਾਰਾ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਇਉਂ ਕੀਤੀ ਹੈ :—

ਸ਼ਬਦ ਗੁਰੂ ਗੁਰ ਜਾਣੀਐ ਗੁਰਮੁਖਿ ਹੋਇ
ਸੁਰਤਿ ਧੁਨਿ ਚੇਲਾ। (ਵਾਰ ੭—੨੦)
ਗੁਰ ਮੂਰਤਿ ਗੁਰ ਸ਼ਬਦ ਹੈ,
ਸਾਧ ਸੰਗਤਿ ਵਿਚ ਪ੍ਰਗਟੀ ਆਇਆ (੨੪-੨੫)

ਗੁਰੂ ਸਚੇ ਪਾਤਸ਼ਾਹ ਨੇ ਡੰਕੇ ਦੀ ਚੋਟ ਨਾਲ ਸਾਰੇ ਸੰਸਾਰ ਵਿਚ 'ਸ਼ਬਦ' ਦੀ ਦੋਹੀ ਫਿਰਾਈ ਯਥਾ :-

"ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗ ਬਉਰਾਨੰ ॥"
(ਸੋਰਠ ਅਸਟਪਦੀਆਂ ਮ: ੧)

"ਸ਼ਬਦ ਗੁਰੂ" ਦੇ ਸਿਧਾਂਤ ਦੀ ਗੁੰਝਲ ਨੂੰ ਹੋਰ ਸਪਸ਼ਟ ਕਰਨ ਲਈ ਸਤਿਗੁਰਾਂ ਨੇ ਗੁਰੂ ਦੀ 'ਦੇਹ' ਅਤੇ "ਸ਼ਬਦ" ਦਾ ਅੰਤਰ ਆਪ ਸਪਸ਼ਟ ਕੀਤਾ ਤੇ ਫੁਰਮਾਇਆ :—

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ
ਸੰਸਾਰ। ਡਿਠੇ ਮੁਕਤਿ ਨ ਹੋਵਈ ਜਿਚਰੁ
'ਸਬਦ' ਨ ਕਰੇ ਵੀਚਾਰੁ ॥ (ਵਾਰ ਵਡਹੰਸ ਮ:੪)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ੍ਰੀਰ ਰਾਤ ਨੂੰ ਸਜਣ-ਠਗ ਕੋਲ ਪੁਜਾ। ਸਜਣ ਨੂੰ ਗੁਰੂ ਦੇਹ



www.AKJ.Org

ਦੇ ਦਰਸ਼ਨ ਜ਼ਰੂਰ ਹੋਏ ਪਰ ਉਹ ਠਗ ਹੀ ਰਿਹਾ। ਪਰ ਗੁਰੂ ਬਾਬੇ ਦਾ ਸ਼ਬਦ ਕੰਨੀ ਪਿਆ ਤਾਂ 'ਠੱਗ' ਦੇ ਭਰਮ ਛੋੜ ਕਟੇ ਗਏ। ਉਹ ਗੁਰਮੁਖ ਹੋ ਗਿਆ। ਇਹ ਸੀ 'ਸ਼ਬਦ-ਕਰਾਮਾਤ' ਜਿਸ ਬਾਬਤ ਗੁਰੂ ਬਾਬੇ ਨੇ ਸਿਧਾਂ ਪਾਸ ਜ਼ਿਕਰ ਕੀਤਾ ਕਿ ਗੁਰਮਤਿ ਅੰਦਰ 'ਸ਼ਬਦ' ਹੇਠ ਲਿਖੇ ਅਰਥਾਂ ਵਿਚ ਵਰਤਿਆ ਗਿਆ ਹੈ :—

੧. ਗੁਰਮੰਤਰੁ

੨. ਸਤਿਗੁਰੂ ਦਾ ਉਪਦੇਸ਼ ਜਾਂ ਸਤਿਗੁਰੂ ਦਵਾਰਾ ਪ੍ਰਾਪਤ ਹੋਇਆ ਗਿਆਨ।

੩. ਗੁਰਬਾਣੀ।

ਇਹ ਸਾਰੇ ਅਰਥ ਵਾਸਤਵ ਵਿਚ ਇਕੋ ਹੀ ਵਸਤੂ ਦੇ ਭਿੰਨ ਭਿੰਨ ਨਾਮ ਹਨ। ਸ੍ਰੀ ਗੁਰੂ ਜੀ ਮਹਾਰਾਜ ਦੇ ਆਪਣੇ ਮਾਲਕ ਵਾਹਿਗੁਰੂ ਜੀ ਨਾਲ ਅੰਤਰ ਆਤਮੇ ਇਕ-ਸੁਰ ਹੋਣ ਉਤੇ ਉਹਨਾਂ ਦੇ ਅਨੁਭਵ ਵਿਚੋਂ ਅਗਮ ਅਗੋਚਰ ਅਕਾਲ ਪੁਰਖ ਦਾ ਗਿਆਨ ਸ਼ਬਦ ਰੂਪ ਵਿਚ ਪ੍ਰਗਟ ਹੋਇਆ। ਇਸੇ ਲਈ ਆਪ ਜੀ ਨੇ ਇਸ ਨੂੰ 'ਧੁਰ ਕੀ ਬਾਣੀ' 'ਖਸਮ ਕੀ ਬਾਣੀ' ਆਖ ਕੇ ਵਰ-ਨਣ ਕੀਤਾ। ਇਸ ਇਲਾਹੀ ਬਾਣੀ ਦੇ ਪਿਆਰ ਅਤੇ ਸਤਿਕਾਰ ਦਾ ਪੂਰਨਾ ਵੀ ਸਚੇ ਸਤਿਗੁਰੂ ਨੇ ਆਪ ਪਾ ਕੇ ਆਪਣੇ ਗੁਰਸਿਖਾਂ ਨੂੰ ਇਸ ਗੁਰੂ-ਚਾਲ ਤੇ ਚਲਣ ਦੀ ਸੇਧ ਬਖਸ਼ੀ ਜਿਵੇਂ:

(1) ਗੁਰਬਾਣੀ ਦੀਆਂ ਪੋਥੀਆਂ ਲੈਣ ਲਈ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਿਖ ਸੰਗਤਾਂ ਨੂੰ ਨਾਲ ਲੈ ਕੇ ਪੈਦਲ ਨੰਗੇ ਪੈਰੀ ਸ੍ਰੀ ਅੰਮ੍ਰਿਤਸਰ ਜੀ ਤੇ ਸ੍ਰੀ ਗੋਇੰਦਵਾਲ ਸਾਹਿਬ ਗਏ ਅਤੇ ਪਾਲਕੀ ਵਿਚ ਪੋਥੀਆਂ ਸਜਾ ਕੇ ਪੈਦਲ ਸ਼ਬਦ ਕੀਰਤਨ ਕਰਦੇ ਵਾਪਸ ਆਏ।

(ii) ਬੀੜ ਸਾਹਿਬ ਦੀ ਸੰਪੂਰਨਤਾਈ ਹੋਣ ਉਪ੍ਰੰਤ ਸ੍ਰੀ ਹਰਿਮੰਦਰ ਸਾਹਿਬ ਇਹਨਾਂ ਨੂੰ ਤਖਤ ਤੇ ਬਿਰਾਜਮਾਨ ਕੀਤਾ। ਬਾਬਾ ਬੁਢਾ ਸਾਹਿਬ ਜੀ ਵਰਗੀ ਮਹਾਨ ਸਖਸ਼ੀਅਤ ਨੂੰ ਪ੍ਰਥਮ ਗ੍ਰੰਥੀ ਨੀਯਤ ਕੀਤਾ। ਰਾਤ ਨੂੰ ਸੁਖਾਸਣ ਉਪ੍ਰੰਤ ਪੋਥੀ ਸਾਹਿਬ ਜੀ ਨੂੰ ਪਲੰਘ ਉਤੇ ਬ੍ਰਾਜਮਾਨ ਕਰਕੇ ਪੰਚਮ ਪਾਤਸ਼ਾਹ ਆਪ ਭੂਮ ਆਸਣ ਬ੍ਰਾਜਦੇ।

(iii) ਇਕ ਵਾਰੀ ਜਦੋਂ ਸਤਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰ ਰਾਇ ਸਾਹਿਬ ਜੀ ਪਲੰਘ ਤੇ ਬ੍ਰਾਜਮਾਨ ਸਨ ਕੁਝ ਸੰਗਤਾਂ ਨੇ ਬਾਣੀ ਪੜ੍ਹਨੀ ਅਰੰਭ ਦਿਤੀ। ਗੁਰਬਾਣੀ ਦੀ ਸਰੋਤ ਕੰਨੀ ਪੈਂਦਿਆਂ ਹੀ ਸਾਹਿਬ ਗੁਰਬਾਣੀ ਦੇ ਸਤਿਕਾਰ ਵਜੋਂ ਛੇਤੀ ਨਾਲ ਪਲੰਘ ਤੋਂ ਥਲੇ ਆਏ ਅਤੇ ਇੰਜ ਕਾਹਲੀ ਕਰਦਿਆਂ ਆਪ ਜੀ ਦੇ ਗੋਡੇ ਉਤੇ ਸਟ ਲਗ ਪਈ। ਸਿਖਾਂ ਬੇਨਤੀ ਕੀਤੀ ਮਹਾਰਾਜ ਇਹ ਗੁਰਬਾਣੀ ਆਪ ਜੀ ਦੀ ਰਚਨਾ ਹੈ, ਆਪ ਜੀ ਨੇ ਅਜਿਹਾ ਕਿਉਂ ਕੀਤਾ? ਸਤਿਗੁਰਾਂ ਬਚਨ ਕੀਤਾ ਕਿ ਇਹ ਬਾਣੀ ਪਾਰਬ੍ਰਹਮ ਦੀ ਹੈ ਇਸ ਦਾ ਜੋ ਕੋਈ ਮਨ ਬਚ ਕਰਮ ਕਰਕੇ ਸਤਿਕਾਰ ਕਰੇਗਾ ਪਰਮ ਪਦ ਨੂੰ ਪ੍ਰਾਪਤ ਹੋਵੇਗਾ ਅਤੇ ਇਸਦੇ ਭੈ ਅਤੇ ਅਦਬ ਬਿਹੂਨ ਜੋ ਸਿਖ ਹਨ ਉਹ ਜਾਣੋ ਮੇਰੇ ਸਿਖ ਹੀ ਨਹੀਂ। ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਇਹ ਵਾਰਤਾਲਾਪ ਇਉਂ ਅੰਕਿਤ ਹੈ :—

ਸੁਨ ਕਰ ਸ੍ਰੀ ਹਰਿ ਰਾਯ ਉਚਾਰੇ ॥
ਸੁਨਹੁ ਸਿਖ ਤੁਮ ਹੋ ਰਾਮ ਪਿਆਰੇ ॥
ਗੁਰੁ ਅਨਭਵ ਬਿਚ ਬਾਨੀ ਰੂਪ ॥
ਯਾਕੀ ਮਹਿਮਾ ਅਮਿਤ ਅਨੂਪ ॥



www.AKJ.Org

ਭਵ ਅਗਨੀ ਸਾਗਰ ਕੋ ਤਰਨੀ[1] ॥
ਸਤਿਗੁਰ ਸਿਖਨ ਕੋ ਸੁਖ ਕਰਨੀ ॥
ਪਾਠਕ ਰਿਦੈ ਬਿਕਾਰਨ ਹਰਨੀ ॥
ਹਰਨੀ ਤ੍ਰਿਸ਼ਨਾ ਸਿੰਘਨਿ ਬਰਨੀ[2] ॥
ਬਰਨੀ ਗੁਰੁ ਦੁਖ ਤਰੁ ਕੋ ਕਰਿਨੀ[3] ॥
ਕਰਨੀ ਗਿਆਨ ਅਗਨਿ ਕੋ ਅਰਨੀ[4] ॥
ਜੋ ਸਿਖ ਗੁਰਬਾਨੀ ਭੈ ਕਰੈ ॥
ਬਿਨ ਪ੍ਰਯਾਸ[5] ਭਵ ਸਾਗਰ ਤਰੈ ॥
ਗੁਰਬਾਨੀ ਮਹਿਮਾ ਮਹਿਯਾਨੋ[6] ॥
ਜੋ ਮਰਯਾਦਾ ਹਮ ਨਹਿੰ ਠਾਨੋ ॥
ਤੌ ਸਿਖ ਭੈ ਨ ਕਰੈ ਗੋ ਕੋਈ ।
ਬਿਨ ਭੈ ਕਰੈ ਸੂਯਾ ਨਹਿ ਸੋਈ ॥
ਗੁਰਬਾਨੀ ਕੋ ਹਮ ਭੈ ਧਰਕੇ ।
ਤਜਯੋ ਪ੍ਰਯੰਕ[8] ਸੀਘਰਤਾ ਕਰਕੇ ॥
ਜੋ ਸਿਖ ਹੈ, ਗੁਰਸ਼ਬਦ ਕਮਾਵੈ ॥
ਸ਼ਬਦ ਕਮਾਏ ਪਰਮ ਪਦ ਪਾਵੈ ॥
ਭਕਤਿ[9] ਪ੍ਰਤੀਤ ਨਹੀਂ ਜਿਸ ਤਨ ਮੈ ।
ਤਿਹ ਗੁਰਬਾਨੀ ਭੈ ਨਹਿ ਮਨ ਮੈ ॥
ਬਿਨ ਭੈ ਭਕਤਿ ਨ ਪ੍ਰਾਪਤ ਹੋਇ ।
ਭਕਤਿ ਬਿਨਾ ਗਿਆਨ ਨ ਅਵਲੋਇ[10] ॥
ਗਿਆਨ ਬਿਨਾ ਮੁਕਤੀ ਕਿਮ ਪਾਇ ।
ਮੁਕਤਿ ਬਿਨਾ ਨ ਅਨੰਦ ਸਮਾਇ ॥
ਬਿਨ ਭਯ ਭਕਤਿ ਨ ਜਗਤ ਤਰਾਵੈ ।
ਤੀਰਥ ਬ੍ਰਤ ਯਗ ਯੋਗ ਕਮਾਵੈ ॥
ਜੋ ਗੁਰ ਭਕਤ ਸਿਖ ਹੈ ਮੇਰਾ ।
ਗੁਰਬਾਨੀ ਭੈ ਤਿਸੈ ਘਨੇਰਾ ॥
ਜਿਨ ਭੈ ਅਦਬ ਨ ਬਾਨੀ ਧਾਰਾ ।
ਜਾਨਹੁ ਸੋ ਸਿਖ ਨਹੀਂ ਹਮਾਰਾ ॥

ਗੁਰ ਉਪਦੇਸ਼ ਜਾਹਿੰ ਮਨ ਲਾਗਾ ।
ਕੋਟਿ ਜਨਮ ਕੋ ਸੋਵਤ ਜਾਗਾ ॥
ਮਨ ਜਾਗੇ ਕੀ ਇਹੀ ਨਿਸ਼ਾਨੀ ।
ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ ।
ਧੰਨ ਸਿਖ ਜਿਨ ਕੇ ਉਰ ਭਾਈ ।
ਸਮ ਸਲਿਤਾ[11] ਮਨ ਮੀਨ ਬਨਾਈ ॥
ਪਰਮ ਸਿਖ ਜਿਨ ਕੋ ਮਨ ਕਾਨਨ ।
ਵਿਚਰਹਿ ਨਿਤ ਗੁਰ ਸਬਦ ਪਚਾਨਨ ॥
ਤਾਰੋ[12] ਭਰਮ ਭਿਰਯੋ ਨਰ ਡੋਲਹਿ ।
ਗੁਰਬਾਨੀ ਤਾਰੀ[13] ਸੰਗ ਖੋਲਹਿ ॥
ਭਗਤ ਵਿਰਾਗ ਗਿਆਨ ਗੁਨ ਘਨੇ ।
ਪ੍ਰਵਿ ਸਹਿ ਕੋਸ਼ਨ ਸੋ ਤਬ ਚੁਨੇ ॥
ਸਤਿਗੁਰ ਬਾਨੀ ਚੰਦਨ ਬਾਵਨ ।
ਮਨ ਦਾਸਨ ਤਰੁ ਤਰਹਿ ਸੁਖਾਵਨ[14] ॥

ਪਦ ਅਰਥ :—1. ਬੇੜੀ; 2. ਤ੍ਰਿਸ਼ਨਾ ਮਿਰਗੀ ਲਈ ਸ਼ੇਰਨੀ ਹੈ । 3. ਦੁਖ ਰੂਪ ਬਿਰਛ ਨੂੰ ਹਥਨੀ ਦੀ ਤਰ੍ਹਾਂ ਉਖੇੜਨ ਵਾਲੀ ਹੈ । 4. ਪਵਿਤਰ ਲਕੜੀ । 5. ਯਤਨ । 6, ਉਤਮ । 7. ਕਲਿਆਣ; 8. ਪਲੰਘ, 9. ਭਗਤ ਜਨ 10. ਦੇਖਣਾ, ਪ੍ਰਾਪਤੀ । 11. ਨਦੀ । 12. ਤਾਲਾ 13. ਤਾਲੀ, ਕੁੰਜੀ ।14. ਸੁਗੰਧਿਤ ।

ਸਤਿਗੁਰਾਂ ਨੇ ਸ਼ੁਰੂ ਤੋਂ ਹੀ ਸਿਖਾਂ ਨੂੰ 'ਸ਼ਬਦ' ਲੜ ਲਾਇਆ ਅਤੇ ਇਸ 'ਸ਼ਬਦ-ਪੂਜਾ' ਉਤੇ ਹੀ ਜ਼ੋਰ ਦਿਤਾ । ਗੁਰੂ ਦੇਹ ਕਰਕੇ ਸਿਖ ਦੇ ਅੰਗ ਸੰਗ ਨਹੀਂ ਸ਼ਬਦ ਕਰਕੇ ਹਨ । ਸ਼ਬਦ ਹੀ ਸਿਖ ਦੇ ਜੀਵਨ ਦਾ ਆਧਾਰ ਹੈ । ਸਤਿਗੁਰੂ ਜੀ ਦੀ ਦੇਹ ਜਿਸ ਵਿਚ 'ਸ਼ਬਦ' ਵਿਦਮਾਨ ਸੀ ਤੇ ਹੁਣ ਹੈ ਉਸ ਦਾ ਪਿਆਰ



www.AKJ.Org

ਸਤਿਕਾਰ ਸਿਖਾਂ ਵਿਚ ਅਵਸ਼ ਸੀ ਤੇ ਹੁਣ ਹੈ ਪਰ ਟੇਕ 'ਗੁਰ ਸ਼ਬਦ' ਦੀ ਹੀ ਹੈ। ਸਤਿਗੁਰੂ ਜੀ ਨੇ ਆਪ ਸਮੇਂ ਸਮੇਂ ਕੌਤਕ ਵਰਤਾ ਕੇ ਇਹ ਦ੍ਰਿੜ੍ਹਤਾ ਸਿਖਾਂ ਨੂੰ ਕਰਾਈ, 'ਸ਼ਬਦ' ਗੁਰੂ ਹੈ ਜਿਵੇਂ :—

(੧) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਉਂ-ਦਿਆਂ ਹੀ "ਸ਼ਬਦ ਦੀ ਟਕਸਾਲ" ਆਪਣੇ ਪਰਮ ਸਿਖ ਲਹਿਣਾ ਜੀ ਅੰਦਰ ਟਿਕਾ ਕੇ ਗੁਰੂ ਟਿੱਕ ਦਿਤਾ ਤੇ ਗੁਰੂ ਅੰਗਦ ਬਣਾ ਦਿਤਾ। ਫਿਰ ਆਪ ਜੀ ਜੀਵਨ ਦਾ ਬਾਕੀ ਸਮਾਂ ਸਿਖ ਰੂਪ ਵਿਚ ਵਿਚਰੇ ਅਤੇ ਸਿਖ ਰੂਪ ਵਿਚ ਹੀ ਚੋਲਾ ਛਡਿਆ।

(੨) ਇਸ ਤੋਂ ਜ਼ਰਾ ਕਰੜਾ ਕੌਤਕ ਵਰਤਾਇਆ ਗਿਆ ਜਦੋਂ ਇਹ 'ਸ਼ਬਦ ਟਕ-ਸਾਲ' ਪੰਜ ਸਾਲਾਂ ਦੀ ਉਮਰ ਦੇ ਬਾਲਕ ਵਿਚ ਟਿਕਾ ਕੇ ਉਸ ਨੂੰ ਗੁਰੂ ਟਿੱਕ ਦਿਤਾ ਗਿਆ। ਗੁਰੂ-ਜੋਤ ਨੇ ਬਾਲਕ ਸਰੀਰ ਦਵਾਰਾ ਗੁਰੂ ਸ਼ਬਦ ਦਾ ਪ੍ਰਸਾਰ ਕੀਤਾ ਤੇ ਭਰਮ ਗ੍ਰਸੇ ਮਨੁਖਾਂ ਦੇ ਭਰਮ-ਗੜ੍ਹ ਤੋੜੇ।

(੩) ਫਿਰ ਗੁਰੂ-ਜੋਤ ਨੂੰ ਸ਼ਬਦ ਅਤੇ ਧਿਆਨ ਦਵਾਰਾ ਦਿਲੀ ਤੋਂ ਬਾਬੇ ਬਕਾਲੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਦਰ ਪ੍ਰਵੇਸ਼ ਕਰ ਦਿਤਾ ਗਿਆ। ਭਾਵੇਂ ਕਈਆਂ ਨੇ ਭਰਮ ਜਾਲ ਪਸਾਰੇ ਪਰ ਸ਼ਬਦ-ਜੋਤ ਦੇ ਸਚੇ ਸੁਨਾਮ ਗੁਰ ਕੇ ਸਿਖਾਂ ਨੇ ਘਾਲਨਾ ਘਾਲ ਕੇ ਗੁਰੂ ਲਭ ਹੀ ਲਿਆ।

(੪) ਇਕ ਹੋਰ ਪਰਚਾ ਪਿਆ। ਫਿਰ ਸ਼ਬਦ ਅਤੇ ਧਿਆਨ ਰਾਹੀਂ ਦਿਲੀ ਤੋਂ ਸ੍ਰੀ ਅਨੰਦ ਪੁਰ ਸਾਹਿਬ ਬੈਠੇ ਬਾਲਕ ਗੋਬਿੰਦ ਰਾਇ ਜੀ ਨੂੰ ਗੁਰੂ ਜੋਤ ਦਾ ਵਾਰਸ ਥਾਪਿਆ ਗਿਆ।

(੫) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਕਰੜਾ ਕੌਤਕ ਵਰਤਾਇਆ। ਸਖਸ਼ੀ ਗੁਰਤਾ ਦੀ ਪ੍ਰੰਪਰਾ ਨੂੰ ਖਤਮ ਕਰਕੇ ਗੁਰੂ ਜੋਤ ਨੂੰ ਸ਼ੁਧ ਪਰ ਸੂਖਮ "ਸ਼ਬਦ-ਰੂਪ" ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਕਰ ਦਿਤਾ।

ਪੂਰਨ ਕਰਨੀ ਕਮਾਈ ਵਾਲੇ ਜੋਤ-ਜਗੰਨੇ ਤਿਆਰ ਬਰ ਤਿਆਰ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਗੁਰੂ ਜੁਗਤਿ' ਵਰਤਾ-ਉਣ ਦਾ ਅਧਿਕਾਰ ਬਖਸ਼ਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਕੇਵਲ ਇਕੋ ਇਕ ਗ੍ਰੰਥ ਹਨ ਜਿਨ੍ਹਾਂ ਨੂੰ ਗੁਰੂ ਪਦਵੀ ਪ੍ਰਾਪਤ ਹੈ। ਸੰਸਾਰ ਦਾ ਸਾਧਾਰਨ ਮਨੁਖ ਸ਼ਬਦ ਦੀ 'ਸ਼ਕਤੀ' ਤੋਂ ਅਨਜਾਣ ਹੈ। ਇਸ ਲਈ ਉਸਦੀ ਸਮਝ ਵਿਚ 'ਸ਼ਬਦ-ਗੁਰੂ' ਦਾ ਸਿਧਾਂਤ ਅਜੇ ਨਹੀਂ ਆ ਰਿਹਾ। ਸਿਖ ਸ਼੍ਰੇਣੀ ਵਿਚੋਂ ਵੀ ਬਹੁਤ ਘਟ ਸੰਖਿਆ ਉਹਨਾਂ ਗੁਰਮੁਖਾਂ ਦੀ ਹੈ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਗੁਰੂ' ਹੋਣ ਤੇ ਸਿਦਕ ਹੈ। ਮੁਬਾਰਕ ਹਨ ਅਜਿਹੀਆਂ ਵਡਭਾਗੀ ਵਿਅਕਤੀਆਂ ਜਿਨ੍ਹਾਂ ਨੂੰ ਪੂਰਨ ਸਿਦਕ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ। ਉਨ੍ਹਾਂ ਦੀ ਤੁਫੈਲ ਹੀ ਕੌਮ ਵਿਚ ਜੀਵਨ ਹੈ। ਸਮਾਂ ਆਏਗਾ ਜਦੋਂ ਸ਼ਬਦ ਸਧਾਂਤ ਉਜਾਗਰ ਹੋਵੇਗਾ।

ਸਾਨੂੰ ਆਮ ਸਾਧਾਰਨ ਮਨੁਖਾਂ ਨੂੰ ਜਿਨ੍ਹਾਂ ਨੂੰ ਅਜੇ "ਸ਼ਬਦ-ਗੁਰੂ" ਸਿਧਾਂਤ ਦੀ ਸੋਝੀ ਨਹੀਂ ਮਿਲੀ ਉਹਨਾਂ ਨੂੰ ਸਤਿਗੁਰਾਂ ਤੋਂ "ਜੋਤ ਪ੍ਰਕਾਸ਼" ਦੀ ਅਵਸਥਾ ਦੀ ਪ੍ਰਾਪਤੀ ਲਈ ਨਿਮਨ ਲਿਖਤ ਸੁਝਾਅ ਗੁਣਕਾਰੀ ਸਾਬਤ ਹੋ ਸਕਦੇ ਹਨ :—



www.AKJ.Org

1. ਅਸੀਂ ਆਪਣੇ ਜੀਵਨ ਦੀ ਹਰੇਕ ਕਿਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ-ਨਾਮੇ ਨਾਲ ਅਰੰਭ ਕਰਿਆ ਕਰੀਏ।

(ii) ਸਤਿਗੁਰੂ ਦੇ ਨਿਤਾ-ਪ੍ਰਤ ਪ੍ਰਾਪਤ ਹੁਕਮਨਾਮੇ ਨੂੰ ਹਿਰਦੇ ਵਿਚ ਵਸਾਉਣ ਦਾ ਯਤਨ ਕਰੀਏ। ਅਜਿਹਾ ਕਰਨ ਲਈ ਦਿਨ ਵਿਚ ਘਟ ਤੋਂ ਘਟ ਪੰਜ ਵਾਰੀ ਸਵੇਰੇ ਪ੍ਰਾਪਤ ਹੋਏ ਹੁਕਮ ਦੇ ਭਾਵ ਨੂੰ ਚਿਤਾਰੀਏ ਅਤੇ ਦੇਖੀਏ ਕਿ ਸਾਡੀ ਕੋਈ ਕਿਰਿਆ ਉਸਦੇ ਉਲਟ ਤਾਂ ਨਹੀਂ।

(iii) ਵਧ ਤੋਂ ਵਧ ਬਾਣੀ ਕੰਠ ਕਰੀਏ ਤੇ ਹਰ ਮਹੀਨੇ ਮਗਰੋਂ ਝਾਤੀ ਮਾਰੀਏ ਕਿ ਕਿੰਨੀ ਕੁ ਬਾਣੀ ਹੋਰ ਕੰਠ ਹੋਈ ਹੈ। ਜੇ ਅਗਲੀ ਕੰਠ ਕੀਤੀ ਬਾਣੀ ਵੀ ਵਿਸਰ ਰਹੀ ਹੈ ਤਾਂ ਇਹ ਢਹਿੰਦੀ ਕਲਾ ਦੀ ਸੂਚਕ ਦਸ਼ਾ ਹੈ।

(iv) ਗੁਰਬਾਣੀ ਦਾ ਵਧ ਤੋਂ ਵਧ ਸਤਿਕਾਰ ਕਰੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਅਤੇ ਗੁਰਸਿਖਾਂ ਨੂੰ ਇਹਨਾਂ ਦੀ ਪ੍ਰਾਪਤੀ ਲਈ ਜੋ ਵਰਤਮਾਨ ਪ੍ਰਬੰਧ ਹੈ ਇਸ ਵਿਚ ਪਰੀਵਰਤਨ ਲਿਆਉਣ ਲਈ ਹੰਭਲਾ ਮਾਰੀਏ।

(v) ਦੀਵਾਨ ਦੀ ਸਮਾਪਤੀ ਉਦੋਂ ਸਮਝੀਏ ਜਦੋਂ ਸ੍ਰੀ ਗੁਰੂ ਜੀ ਮਹਾਰਾਜ ਸੁਖਾਸਣ ਹੋ ਕੇ ਆਪਣੇ ਸੁਖਾਸਣ ਤੇ ਬ੍ਰਾਜਮਾਨ ਹੋ ਜਾਵਣ।

(vi) ਜੀਵਨ ਵਿਚ ਪਰਚਾ 'ਸ਼ਬਦ' ਦਾ ਰਖੀਏ ਅਤੇ 'ਸ਼ਬਦ ਅਭਿਆਸ' ਵਿਚ ਪ੍ਰਪਕ ਹੋਵੀਏ ਕਿਉਂ ਜੋ ਸੁਰਤ ਸ਼ਬਦ ਦੇ ਮੇਲ ਨਾਲ ਹੀ ਸ਼ਬਦ-ਕਲਾ ਵਰਤ ਸਕਦੀ ਹੈ।

(vii) ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੜੇ ਸਾਦੇ ਪੁਸ਼ਾਕੇ ਵਿਚ ਜਾਈਏ। ਭੈ ਅਤੇ ਅਦਬ ਵਿਚ ਵਿਚਰੀਏ।

ਅਖੀਰ ਵਿਚ ਗੁਰੂ ਅਤੇ ਸ਼ਬਦ ਦੀ ਓਤਪੋਤ ਏਕਤਾ ਦਰਸਾਉਣ ਲਈ ਕੁਝ ਕੁ ਹਵਾਲੇ ਦਿਤੇ ਜਾਂਦੇ ਹਨ :—

(i) ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥ ਗੁਰਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (ਮ: ੪)

(ii) ਗੁਰੁ ਮੂਰਤ ਗੁਰੁ ਸ਼ਬਦ ਹੈ ਸਾਧ ਸੰਗਤਿ ਵਿਚ ਪ੍ਰਗਟਿਆਯਾ ॥

(ਭਾਈ ਗੁਰਦਾਸ ਜੀ, ਵਾਰ ੨੪)

(iii) ਤੀਨ ਰੂਪ ਹੈ ਮੋਹ ਕੇ ਸੁਨੋ ਨੰਦ ਚਿਤ ਲਾਇ ॥ ਨਿਰਗੁਣ ਸਰਗੁਣ ਗੁਰ ਸਬਦ ਕਹੋ ਤੋਹਿ ਸਮਝਾਇ ॥

(ਰਹਿਤਨਾਮਾ ਪ੍ਰਸ਼ਨ ਉਤਰ ਭਾਈ ਨੰਦ ਲਾਲ ਜੀ)

(iv) ਜੈਸੇ ਫਲ ਸੈ ਬਿਰਖ ਬਿਰਖ ਸੈ ਹੋਤ ਫਲ,
ਅਦਭੁਤਿ ਗਤਿ ਕਛ ਕਹਨ ਨ ਆਵੈ ਜੀ।
ਜੈਸੇ ਬਾਸ ਬਾਵਨ ਮੈ, ਬਾਵਨ ਹੈ ਬਾਸ ਬਿਖੈ,
ਬਿਸਮ ਚਰਿਤ੍ਰ ਕੋਈ ਮਰਮ ਨ ਪਾਵੈ ਜੀ ॥
ਕਾਸਟ ਮੈ ਅਗਨਿ ਅਗਨਿ ਮਹਿ ਕਾਸਟ ਹੈ,
ਅਤਿ ਅਸਚਰਜ ਹੈ ਕੌਤਕ ਕਹਾਵੈ ਜੀ।
ਸਤਿਗੁਰ ਮੇਂ ਸਬਦ, ਸਬਦ ਮੈ ਸਤਿਗੁਰ ਰਹੇ,
ਨਿਰਗੁਨ ਗਿਆਨ ਧਿਆਨ ਸਮਝਾਵੈ ਜੀ ॥ ੫੩॥

(ਸਵਯੇ ਭਾਈ ਗੁਰਦਾਸ ਜੀ)

..............



www.AKJ.Org

# ਹਉਮੈਂ ਬੂਝੈ ਤਾ ਦਰੁ ਸੂਝੈ

ਪ੍ਰੋ: ਹਰਬੰਸ ਸਿੰਘ ਜੀ

"ਹਉਮੈ ਵਿਚਿ ਸਭੁ ਜਗੁ ਬਉਰਾਨਾ" ਸਭ ਕੋਈ ਹਉਮੈਂ ਰੋਗ ਦਾ ਗਰੱਸਿਆ ਹੋਇਆ ਹੈ, ਹਉਮੈਂ ਵਿੱਚ ਲੋਕੀਂ "ਮੈਂ ਮੈਂ", "ਹਉਂ ਹਉਂ," "ਹਉਂ—ਮੈਂ", ਮੈਂ...ਮੈਂ...ਕਰਦੇ ਬੌਰੇ ਹੋਏ ਫਿਰਦੇ ਹਨ। ਜਿੱਧਰ ਦੇਖੋ ਮੈਂ ਹੀ ਮੈਂ ਕੂਕਦੀ ਹੈ। ਮੈਂ ਮੇਰੀ ਵਿੱਚ ਮੱਤੇ ਲੋਕੀਂ ਜੀਵਾਂ ਨੂੰ ਕੋਹੰਦੇ ਫਿਰਦੇ ਹਨ । ਤਕੜਾ ਮਾੜੇ ਨੂੰ ਲਿਤਾੜ ਰਿਹਾ ਹੈ। ਅਮੀਰ ਗਰੀਬ ਦਾ ਖੂਨ ਪੀ ਰਿਹਾ ਹੈ। ਕਿਸੇ ਨੂੰ ਧਨ ਦੌਲਤ ਦਾ ਮਾਣ ਹੈ, ਕਿਸੇ ਨੂੰ ਮਹਿਲ ਮਾੜੀਆਂ ਦੀ ਖੁਮਾਰੀ ਚੜ੍ਹੀ ਹੋਈ ਹੈ, ਕਿਸੇ ਨੂੰ ਆਪਣੇ ਪੁੱਤਰਾਂ ਧੀਆਂ ਸ਼ਾਕ ਸੰਬੰਧੀਆਂ ਦਾ ਮਾਣ ਹੈ। ਕੋਈ ਆਪਣੇ ਚੰਗੇ ਰੁਤਬੇ ਦੇ ਨਸ਼ੇ ਵਿੱਚ ਸਾਹਬ ਬਣਿਆ ਮਨਾਇਆ ਨਹੀਂ ਜਾਂਦਾ। ਕਿਸੇ ਨੂੰ ਸੋਹਣੇ ਰੂਪ ਰੰਗ ਨੇ ਪਾਗਲ ਕੀਤਾ ਹੋਇਆ ਹੈ। ਹਉਮੈਂ ਦੀ ਅੱਗ ਏਨੀ ਪ੍ਰਬਲ ਹੈ ਕਿ ਮਨੁੱਖ ਅੰਨ੍ਹਾ ਹੋਇਆ ਹੋਇਆ ਕੁਕਰਮ ਤੇ ਕੁਕਰਮ ਕਰੀ ਜਾ ਰਿਹਾ ਹੈ। ਉਸ ਦੇ ਮਨ ਤੇ ਹਉਮੈਂ ਦੀ ਧੂੜ ਏਨੀ ਪੈ ਚੁੱਕੀ ਹੈ ਕਿ ਉਸ ਨੂੰ ਅੱਗੇ ਕੁਝ ਦਿਸਦਾ ਹੀ ਨਹੀਂ। ਹਉਮੈਂ ਨੇ ਇਸ (ਮਨੁੱਖ) ਅਤੇ ਪ੍ਰਮਾਤਮਾ ਵਿਚਕਾਰ ਇਕ ਕੰਧ ਉਸਾਰ ਛੱਡੀ ਹੈ, ਇਸ ਕੰਧ ਦੇ ਕਾਰਨ ਮਨੁੱਖ ਨੂੰ ਕੁਝ ਸੁਝਦਾ ਹੀ ਨਹੀਂ ਕਿ ਇਸ ਦੇ ਪਾਰ ਭੀ ਕੁਝ ਹੈ, ਹਉਮੈਂ ਵਿੱਚ ਪਾਗਲ ਹੋਏ ਮਨੁੱਖ ਨੂੰ ਇਹ ਨਹੀਂ ਪਤਾ ਕਿ ਇਹ ਮਾਇਆ ਦਾ ਜਾਲ ਹੈ। ਇਹ ਸਭ ਕੁਝ ਨਾਸ਼ ਹੋਣ ਵਾਲਾ ਹੈ। ਮਨੁੱਖ ਇਸ ਜਗਤ ਵਿਚ ਨੰਗਾ ਹੀ ਆਇਆ ਹੈ ਅਤੇ ਨੰਗੇ ਨੇ ਹੀ ਜੀਵਨ ਦੀ ਰਾਤ ਬਿਤਾ ਕੇ ਉਠ ਚਲਣਾ ਹੈ ਵੱਡੇ ਤੋਂ ਵੱਡੇ ਆਕੜਖਾਨ, ਬਾਦਸ਼ਾਹ, ਅਮੀਰ ਵਜ਼ੀਰ ਲਾਓ ਲਸ਼ਕਰ ਵਾਲੇ ਸੱਭ ਖਾਲੀ ਹੱਥ ਇੱਥੋਂ ਕੂਚ ਕਰ ਗਏ। ਕਿੱਥੇ ਹੈ ਉਹ ਕਾਰੂੰ ਬਾਦਸ਼ਾਹ ਜਿਸ ਨੇ ਧਨ ਜੋੜਨ ਦੀ ਹਵਸ ਪਿੱਛੇ ਕਬਰਾਂ ਪੁਟਵਾਕੇ ਮੁਰਦਿਆਂ ਦੇ ਮੂੰਹਾਂ ਵਿੱਚੋਂ ਭੀ ਰੁਪਏ ਕਢਵਾ ਲਏ ? ਕਿਧਰ ਗਿਆ ਸਕੰਦਰ ਜਿਹੜਾ ਸਾਰੀ ਦੁਨੀਆਂ ਨੂੰ ਫਤਹਿ ਕਰਨ ਦੇ ਸੁਫਨੇ ਲੈ ਰਿਹਾ ਸੀ ? ਹਿਟਲਰ ਦਾ ਕੀ ਬਣਿਆ ? ਚਾਰ ਚਾਰ ਦਿਨ ਮੈਂ ਮੇਰੀ ਦਾ ਢੋਲ ਵਜਾਕੇ ਗੋਰੀ (ਕਬਰੀਂ) ਜਾ ਪਏ।

"ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥ ਹਟ ਪਤਣ ਬਾਜਾਰ ਹੁਕਮੀ ਢਹਸੀਓ ॥ ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥ ਦਰਬਿ ਭਰੇ ਭੰਡਾਰ ਰੀਤੇ ਇਕਿ



www.AKJ.Org

ਖਣੇ ॥ ਤਾਜੀ ਰਥ ਤੁਖਾਰ ਹਾਥੀ ਪਾਖਰੇ ।
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥
(ਵਾਰ ਮਾਝ)

ਰਾਜੇ, ਰੱਯਤ, ਸਰਦਾਰ, ਹਟੀਆਂ, ਸ਼ਹਿਰ, ਬਾਜ਼ਾਰ, ਸੁੰਦਰ ਦਰਵਾਜਿਆਂ ਵਾਲੇ ਪੱਕੇ ਮਕਾਨ, ਦੌਲਤ ਨਾਲ ਭਰੇ ਹੋਏ ਖਜਾਨੇ, ਘੋੜੇ, ਰਥ, ਊਠ ਅੰਬਾਰੀਆਂ ਵਾਲੇ ਹਾਥੀ, ਬਾਗ, ਮਿਲਖ, ਘਰ ਬਾਰ, ਸੁੰਦਰ ਕਨਾਤਾਂ, ਅਤਲਸ, ਤੰਬੂ, ਨਵਾਰੀ ਪਲੰਘ ਜਿਨ੍ਹਾਂ ਨੂੰ ਮੂਰਖ ਇਨਸਾਨ ਆਪਣੇ ਕਹਿੰਦਾ ਹੈ, ਇਸ ਨੂੰ ਇਹ ਪਤਾ ਨਹੀਂ ਕਿ ਇਹ ਕਿਤੇ ਨਹੀਂ ਰਹਿਣੇ, ਉਸ ਦਾਤਾਰ ਅਕਾਲ ਪੁਰਖ ਦੇ ਹੁਕਮ ਨਾਲ ਇਕ ਛਿਨ ਵਿੱਚ ਢਹਿ ਢੇਰੀ ਹੋ ਜਾਣਗੇ । ਜੇ ਕਦੇ ਇਹ ਸੋਝੀ ਪੈ ਭੀ ਜਾਏ ਕਿ ਇਹ ਸਭ ਝੂਠ ਗੁਮਾਨ ਹੀ ਹੈ ਤਾਂ ਭੀ ਹਉਮੈਂ ਦਾ ਰੋਗ ਏਨਾ ਪ੍ਰਬਲ ਹੈ ਕਿ "ਮੈਂ ਮੈਂ" ਦੀ ਫਿਰ ਚੀਸ ਉਠ ਖਲੋਂਦੀ ਹੈ ਅਤੇ ਹਉਮੈਂ ਦੇ ਰੋਗ ਵਿੱਚ ਫਿਰ ਗ੍ਰਸਿਆ ਜਾਂਦਾ ਹੈ । ਮੈਂ ਵੱਡਾ ਅਫ਼ਸਰ...ਮੇਰੇ ਮਕਾਨ...ਮੇਰਾ ਬੈਂਕ ਖਾਤਾ...ਮੇਰੇ ਪੁੱਤਰ ਧੀਆਂ ...ਮੈਂ ਅਕਲ ਵਾਲਾ...ਮੈਂ ਭਲਾ ਪੁਰਸ਼...ਮੈਂ ਗਿਆਨੀ...ਮੈਂ ਪੜ੍ਹਿਆ ਲਿਖਿਆ...ਮੈਂ ਐਮ. ਏ...ਪੀ. ਐਚ. ਡੀ....ਡੀ. ਲਿਟ...ਮੈਂ ਇਲਾਕੇ ਦੀ ਸਭਾ ਦਾ ਪ੍ਰਧਾਨ...ਲੋਕੀਂ ਮੈਨੂੰ ਸਲਾਮਾਂ ਕਰਨ...ਮੈਂ ਬਹੁਤਾ ਦਾਨ ਦੇਣ ਵਾਲਾ...ਸਰਕਾਰੇ ਦਰਬਾਰੇ ਮੇਰੀ ਪੁੱਛ ਪਰਤੀਤ...ਜਿੱਧਰ ਕਿੱਧਰ ਮੈਂ ਹੀ ਮੈਂ...ਮੇਰੇ ਕਾਰਨ ਹੀ ਅਸਮਾਨ ਅਟਕਿਆ ਖਲੋਤਾ ਨਹੀਂ ਤੇ ਇਕ ਦਮ ਹੇਠਾਂ ਡਿਗ ਪਵੇ ਅਤੇ ਪਰਲੋ ਆ ਜਾਵੇ । ਬੱਸ ਮੈਂ ਹੀ ਮੈਂ । ਤੂੰ ਦਾ ਤੇ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂ ਜੋ ਤੂੰ ਕਹਿਣ ਨਾਲ ਹਉਮੈਂ ਨੂੰ ਹੇਠਾਂ ਉਤਰਨਾ ਪੈਂਦਾ ਹੈ, ਹਉਮੈਂ ਦੀ ਹੇਠੀ ਹੁੰਦੀ ਹੈ। ਹਉਮੈਂ ਬੇਇਜ਼ਤੀ ਕਿਉਂ ਬਰਦਾਸ਼ਤ ਕਰੇ ? ਇਸ ਨੇ ਮਨੁੱਖ ਨੂੰ "ਮੈਂ ਮੈਂ" ਕਰਨ ਲਈ ਹੀ ਉਕਸਾਣਾ ਹੈ। ਵਾਹਿਗੁਰੂ ਦੀ ਲੀਲਾ ਬੜੀ ਬੇਅੰਤ ਹੈ ।

"ਹਉਮੈਂ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸ਼ਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ਰਹਾਉ॥
ਜਿਹਵਾ ਰੋਗਿ ਮੀਨੁ ਗ੍ਰਸਿ ਆਨੋ ।
ਬਾਸਨ ਰੋਗਿ ਭਵਰੁ ਬਿਨਸਾਨੋ ।
ਹੇਤ ਰੋਗ ਕਾ ਸਗਲ ਸੰਸਾਰਾ ।
ਤ੍ਰਿਬਿਧ ਰੋਗ ਮਹਿ ਬਧੇ ਬਿਕਾਰਾ ॥੨॥
(ਭੈਰਉ ਮ: ੫)

ਮਨੁੱਖ ਨੂੰ ਹਉਮੈਂ ਰੋਗ ਦਿੱਤਾ ਹੋਇਆ ਹੈ, ਕਾਮ ਰੋਗ ਨਾਲ ਹਾਥੀ ਨੂੰ ਵਸ ਕੀਤਾ ਹੋਇਆ ਹੈ । ਦ੍ਰਿਸ਼ਟੀ (ਦੇਖਣ) ਰੋਗ ਨਾਲ ਪਤੰਗੇ ਸੜ ਕੇ ਮਰ ਜਾਂਦੇ ਹਨ । ਸੁਰੀਲੀ ਆਵਾਜ਼ ਦੇ ਸੁਣਨ (ਘੰਡੇ ਹੇੜੇ ਦੀ ਆਵਾਜ਼ ) ਦੇ ਰੋਗ ਨਾਲ ਹਰਨ ਖਪ ਕੇ ਮਰ ਗਏ ਹਨ । ਜੀਭ ਦੇ ਸਵਾਦ ਦੇ ਰੋਗ ਨੇ ਮੱਛੀ ਨੂੰ ਪਾਣੀ ਵਿੱਚੋਂ ਫੜ ਕੇ ਲੈ ਆਂਦਾ ਹੈ । ਵਾਸ਼ਨਾ ਦੇ ਰੋਗ ਕਰਕੇ ਭੌਰਾ ਨਾਸ ਹੋ ਗਿਆ ਹੈ । ਮੋਹ ਦਾ ਰੋਗ ਸਾਰੇ ਸੰਸਾਰ ਵਿੱਚ ਹੈ । ਜਿਸ ਨੂੰ ਭੀ ਦੇਖੋ ਰੋਗੀ ਹੀ ਹੈ । ਕਿਸ਼ੇ ਨੂੰ



www.AKJ.Org

ਕੋਈ ਰੋਗ ਚੰਬੜਿਆ ਹੋਇਆ ਹੈ ਤੇ ਕਿਸੇ ਨੂੰ ਕੋਈ। ਮਨੁੱਖ ਦਾ ਸਭ ਤੋਂ ਵੱਡਾ ਰੋਗ (ਦੀਰਘ ਰੋਗ) ਹਉਮੈਂ ਹੈ। ਹਉਮੈਂ ਦਾ ਰੋਗ ਏਨਾ ਪ੍ਰਬਲ ਹੈ ਕਿ ਕਿਸੇ ਨੂੰ ਨਹੀਂ ਛਡਦਾ। ਜਿਨੀ ਦੇਰ ਤਕ ਇਸ ਰੋਗ ਦੀ ਚੰਗੀ ਤਰ੍ਹਾਂ ਪਛਾਣ ਨਹੀਂ ਹੋ ਜਾਂਦੀ ਉਨੀ ਦੇਰ ਤਕ ਇਸ ਦਾ ਠੀਕ ਦਾਰੂ ਨਹੀਂ ਲਭਦਾ। ਸਭ ਤੋਂ ਔਖੀ ਗੱਲ ਰੋਗ ਨੂੰ ਪਛਾਣਨ ਦੀ ਹੀ ਹੈ, ਜਦੋਂ ਮਰੀਜ਼ ਨੂੰ ਪਤਾ ਲਗ ਜਾਏ ਕਿ ਮੈਨੂੰ ਟੀ. ਬੀ. ਦੀ ਬੀਮਾਰੀ ਹੈ ਤਾਂ ਫਿਰ ਉਹ ਉਸ ਦੇ ਇਲਾਜ ਲਈ ਦੌੜੇਗਾ। ਜਿੰਨੀ ਦੇਰ ਤਕ ਉਸਨੂੰ ਆਪਣੀ ਬੀਮਾਰੀ ਦਾ ਅਨੁਭਵ ਨਹੀਂ ਹੁੰਦਾ, ਉਨੀ ਦੇਰ ਤਕ ਉਹ ਰੋਗ ਦੇ ਰਗੜੇ ਸਹਿੰਦਾ ਰਹੇਗਾ। ਜਦੋਂ ਉਸਨੂੰ ਅਨੁਭਵ ਹੋ ਗਿਆ ਕਿ ਉਸਨੂੰ ਅਮਕਾ ਰੋਗ ਹੈ ਤਾਂ ਫਿਰ ਉਹ ਨਵਿਰਤੀ ਲਈ ਹੰਭਲਾ ਮਾਰੇਗਾ। ਬੱਸ ਹਉਮੈਂ ਰੋਗ ਦਾ ਬੁੱਝਣਾ ਹੀ ਕਠਨ ਹੈ। ੧੯੬੫ ਵਿੱਚ ਪਾਕਿਸਤਾਨ ਨਾਲ ਲੜਾਈ ਦੇ ਸਮੇਂ ਜਦੋਂ ਭਾਰਤੀ ਫੌਜਾਂ ਨੂੰ ਪਤਾ ਲਗ ਗਿਆ ਕਿ ਇੱਛੋਗਿਲ ਨਹਿਰ ਨੂੰ ਪਾਰ ਕਰਨ ਵਾਸਤੇ ਮੁੱਖ ਰੁਕਾਵਟ ਪਿੱਲ ਬਾਕਸ (Pill Box ਪੱਕੇ ਮੋਰਚੇ) ਹਨ ਤਾਂ ਉਨ੍ਹਾਂ ਨੇ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਉਪਰਾਲੇ ਕਰ ਲਏ, ਜਿੰਨੀ ਦੇਰ ਤਕ ਰੁਕਾਵਟੀ ਪੱਕੇ ਮੋਰਚਿਆਂ ਦੀ ਸੋਝੀ ਨਾਂ ਪਈ ਉਨੀ ਦੇਰ ਤਕ ਨਹਿਰ ਦੇ ਪਰਲੇ ਪਾਰ ਦਾ ਕੋਈ ਪਤਾ ਨਾ ਲਗ ਸਕਿਆ। ਜੀਵ-ਆਤਮਾ ਅਤੇ ਪ੍ਰਮਾਤਮਾ ਵਿਚਕਾਰ ਭੀ ਹਉਮੈ ਦੀ ਉੱਚੀ ਰੁਕਾਵਟੀ ਕੰਧ ਹੈ। ਜਿੰਨੀ ਦੇਰ ਤਕ ਜੀਵ ਨੂੰ ਇਸ ਕੰਧ ਦੀ ਸੋਝੀ ਨਹੀਂ ਪੈਂਦੀ ਉਨੀ ਦੇਰ ਤਕ ਇਸ ਕੰਧ ਦੇ ਪਾਰ ਦੇ ਨੂਰ ਅਥਵਾ ਸੱਚ-ਦਾ-ਨੰਦ (ਸੱਚ-ਆਨੰਦ) ਦਾ ਪਤਾ ਨਹੀਂ ਲਗਦਾ। ਮਨੁੱਖ ਅਨੰਦ ਨੂੰ ਭਾਲਦਾ ਹੈ, ਅਨੰਦ ਵਾਸਤੇ ਹੀ ਵਿਸ਼ੇ ਵਿਕਾਰ ਕਰਦਾ ਹੈ, ਮੋਹ ਮਾਇਆ ਵਿਚ ਫਸਦਾ ਹੈ ਪਰ ਵਿਸ਼ੇ ਵਿਕਾਰਾਂ ਦਾ ਛਿਨ ਭੰਗਰੀ ਅਨੰਦ ਉਸਨੂੰ ਹਉਮੈਂ ਦੀ ਕੰਧ ਨਾਲ ਜਾ ਟਕਰਾਉਂਦਾ ਹੈ, ਅਤੇ ਮੂੰਹ ਪਰਨੇ ਦੁਖਾਂ ਦੇ ਨਰਕ ਵਿੱਚ ਜਾ ਡੇਗਦਾ ਹੈ, ਜਿੰਨੀ ਦੇਰ ਹਉਮੈਂ ਦੀ ਕੰਧ ਦੂਰ ਨਹੀਂ ਹੁੰਦੀ ਉਨੀ ਦੇਰ ਨੂਰ ਦੀਆਂ ਠੰਢੀਆਂ ਕਿਰਨਾਂ ਪ੍ਰਾਣੀ ਦੇ ਤਪਦੇ ਹਿਰਦੇ ਤਕ ਨਹੀਂ ਪੁੱਜ ਸਕਦੀਆਂ। ਹਉਮੈਂ ਦਾ ਫਾਟਕ ਖੁੱਲ੍ਹੇ ਬਗੈਰ ਸੱਚ ਖੰਡ ਦਾ ਬੂਹਾ ਨਜ਼ਰ ਨਹੀਂ ਆ ਸਕਦਾ।

"ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥ ਗੁਰਿ ਪੂਰੈ
ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ
ਬਨਵਾਰੀ ॥"

(ਮਲਾਰ ਮ: ੪)

ਜੀਵ ਰੂਪੀ ਇਸਤ੍ਰੀ ਅਤੇ ਪਤੀ ਪਰਮੇਸ਼ਵਰ ਦਾ ਇਕ ਹੀ ਥਾਂ ਵਿਚ ਨਾਲ ਨਾਲ ਵਾਸਾ ਹੈ ਪਰ ਵਿਚਕਾਰ ਹਉਮੈਂ ਦੀ ਬੜੀ ਵੱਡੀ ਕੰਧ ਹੈ, ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਜਦੋਂ ਪੂਰੇ ਗੁਰੂ ਨੇ ਹਉਮੈਂ ਦੀ ਕੰਧ ਤੋੜ ਦਿਤੀ ਤਾਂ ਅਸੀਂ ਵਾਹਿਗੁਰੂ ਨਾਲ ਮਿਲ ਗਏ।

"ਹਉਂ ਹਉਂ ਕਰਤ ਨਹੀਂ ਸਚੁ ਪਾਈਐ।
ਹਉਮੈ ਜਾਇ ਪਰਮਪਦ ਪਾਈਐ ॥"

(ਗਉੜੀ ਮ: ੧)

ਜਿੰਨੀ ਦੇਰ ਤਕ ਹਉਮੈਂ ਦੂਰ ਨਹੀਂ ਹੁੰਦੀ ਉਨੀ ਦੇਰ ਤਕ ਸਾਡੀਆਂ ਅੱਖਾਂ ਅੱਗੇ ਅਗਿਆ-ਨਤਾ ਦਾ ਹਨੇਰਾ ਹੀ ਛਾਇਆ ਰਹੇਗਾ। ਅਸੀਂ



www.AKJ.Org

ਮੇਂ ਮੈਂ ਕਰਦੇ ਭੇਡਾਂ ਵਾਂਗ ਗੰਦ ਮੰਦ ਹੀ ਫਰੋਲਦੇ ਫਿਰਾਂਗੇ ।

"ਜਜਾ ਜਾਨੈ ਹਉ ਕਛੁ ਹੂਆ ।
ਬਾਧਿਓ ਜਿਉ ਨਲਿਨੀ ਭ੍ਰਮ ਸੂਆ ॥
ਜਉ ਜਾਨੈ ਹਉ ਭਗਤਿ ਗਿਆਨੀ ।
ਆਗੈ ਠਾਕੁਰਿ ਤਿਲ ਨਹੀ ਮਾਨੀ ॥
ਜਉ ਜਾਨੈ ਮੈ ਕਥਨੀ ਕਰਤਾ ।
ਬਿਆਪਾਰੀ ਬਸੁਧਾ ਜਿਉ ਫਿਰਤਾ ॥
ਸਾਧ ਸੰਗਿ ਜਿਹ ਹਉਮੈ ਮਾਰੀ ।
ਨਾਨਕ ਤਾਕਉ ਮਿਲੇ ਮੁਰਾਰੀ ॥
(ਗਉੜੀ ਬਾਵਨ ਅਖਰੀ ੫)

ਗੁਰੂ ਅਰਜਨ ਦੇਵ ਜੀ ਜੱਜਾ ਅੱਖਰ ਦੁਆਰਾ ਆਖਦੇ ਹਨ ਕਿ ਜਦ ਇਹ ਆਦਮੀ ਆਪਣੇ ਆਪ ਨੂੰ ਹਉਮੈ ਕਾਰਨ ਸਮਝਣ ਲਗ ਪੈਂਦਾ ਹੈ ਕਿ ਮੈਂ ਕੁਝ ਵੱਡਾ ਬਣ ਗਿਆ ਹਾਂ ਤਾਂ ਉਹ ਇਸ ਤਰ੍ਹਾਂ ਆਪਣੇ ਆਪ ਹੀ ਬੰਨ੍ਹਿਆ ਗਿਆ ਜਿਸ ਤਰ੍ਹਾਂ ਭਰਮ ਕਰਕੇ ਕੁੜਿੱਕੀ ਨਾਲ ਤੋਤਾ ਬੱਝ ਜਾਂਦਾ ਹੈ । ਜਦੋਂ ਇਹ ਜ਼ਾਣਦਾ ਹੈ ਕਿ ਮੈਂ ਕੁਝ ਭਗਤ ਗਿਆਨੀ ਬਣ ਗਿਆ ਹਾਂ ਤਾਂ ਅੱਗੇ ਪ੍ਰਲੋਕ ਵਿੱਚ ਪ੍ਰਮਾਤਮਾ ਨੇ ਉਸ ਦੀ ਭਗਤੀ ਤਿਲ ਜਿੰਨੀ ਭੀ ਨਹੀਂ ਮੰਨੀ । ਜੇ ਕੁਛ ਆਪਣੇ ਆਪ ਜਾਣੇ ਕਿ ਮੈਂ ਚੰਗਾ ਲੈਕਚਰ ਦੇ ਲੈਂਦਾ ਹਾਂ ਤਾਂ ਉਹ ਆਦਮੀ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਵਪਾਰੀ ਧਰਤੀ ਉਤੇ ਲੋਭ ਵਾਸਤੇ ਭੱਜਾ ਫਿਰਦਾ ਹੈ । ਜਿਨ੍ਹਾਂ ਨੇ ਸਾਧ ਸੰਗਤ ਕਰਕੇ ਹਉਮੈ ਮਾਰੀ ਹੈ ਉਨ੍ਹਾਂ ਨੂੰ ਪਰਮੇਸ਼ਰ ਆ ਮਿਲਦਾ ਹੈ ।

ਜਿੰਨੀ ਦੇਰ ਤਕ ਹਉਮੈ ਦੀ ਕੰਧ ਨਹੀਂ ਡਿਗਦੀ ਉਨੀ ਦੇਰ ਤਕ ਵਾਹਿਗੁਰੂ ਦਾ ਦਰ ਨਜ਼ਰ ਨਹੀਂ ਪੈ ਸਕਦਾ ।

"ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ । ਭਾਂਭੀਰੀ ਕੇ ਪਾਤ ਪਰਦੋ ਬਿਨ ਪੇਖੇ ਦੂਰਾਇਓ ॥ ੩ ॥ ਭਇਓ ਕਿਰਪਾਲੁ ਸਰਬ ਕੋ ਠਾਕਰ ਸਗਰੋ ਦੂਖੁ ਮਿਟਾਇਓ । ਕਹੁ ਨਾਨਕੁ ਹਉਮੈ ਭੀਤਿ ਗੁਰਿ ਖੋਈ, ਤਉ ਦਇਆ ਬੀਠਲੋ ਪਾਇਓ ।"
(ਸੋਰਠ ਮ: ੫)

ਵਾਹਿਗੁਰੂ ਬਹੁਤ ਨੇੜੇ ਤੋਂ ਨੇੜੇ ਦੇਸ ਵਿਚ ਸੁਣੀਦਾ ਹੈ ਪਰ ਮਨ ਵਿਚ ਹਉਮੈਂ ਦੀ ਕੰਧ ਦਾ ਪੜਦਾ ਪੈ ਗਿਆ ਹੈ । ਜਿਵੇਂ ਭੰਭੀਰੀ ਦੇ ਖੰਭਾਂ ਦਾ ਪੜਦਾ ਵਸਤ (ਚੀਜ਼) ਅਤੇ ਅੱਖਾਂ ਦੇ ਵਿਚਕਾਰ ਹੋਵੇ ਤਾਂ ਉਹ ਚੀਜ਼ ਦੇਖਣ ਤੋਂ ਬਿਨਾਂ ਦੂਰ ਹੀ ਹੈ । ਜਦੋਂ ਅਕਾਲ ਪੁਰਖ ਦਇਆਲ ਹੋਇਆ ਤਾਂ ਸਾਰਾ ਦੁਖ ਦੂਰ ਹੋ ਗਿਆ । ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਦੋਂ ਹਉਮੈਂ ਦੀ ਕੰਧ ਗੁਰਾਂ ਨੇ ਢਾ ਦਿਤੀ ਤਾਂ ਮੈਂ ਦਿਆਲੂ ਪਰਮੇਸ਼ਰ ਪਾ ਲਿਆ ।

"ਕਹੁ ਨਾਨਕ ਹਉਮੈ ਭੀਤਿ ਗੁਰ ਖੋਈ,
ਤਉ ਦਇਆਲ ਬੀਠਲੋ ਪਾਇਓ ॥"

ਦਇਆਲੂ ਪ੍ਰਭੂ ਤਾਂ ਮਿਲਿਆ ਜਦ ਹਉਮੈਂ ਦੀ ਕੰਧ ਢੱਠ ਗਈ ।

"ਜਾ ਹਰਿ ਪ੍ਰਭਿ ਕਿਰਪਾ ਧਾਰੀ
ਤਾ ਹਉਮੈ ਵਿਚਹੁ ਮਾਰੀ ।
ਸੋ ਸੇਵਕਿ ਰਾਮ ਪਿਆਰੀ;
ਜੋ ਗੁਰਸਬਦੀ ਬੀਚਾਰੀ ॥ ੧ ॥
ਸੋ ਹਰਿ ਜਨੁ ਹਰਿ ਪ੍ਰਭ ਭਾਵੈ,
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ
ਲਾਜ ਛੋਡਿ ਹਰਿ ਕੇ ਗੁਣ ਗਾਵੈ ।



www.AKJ.Org

(ਰਾਮਕਲੀ ਮ: ੧)

ਜਿਸ ਤੇ ਪ੍ਰਭੂ ਦੀ ਕਿਰਪਾ ਹੋ ਗਈ ਉਸ ਦੇ ਅੰਦਰੋਂ ਹਉਮੈਂ ਦੂਰ ਹੋ ਗਈ। ਜਿਸ ਨੇ ਗੁਰ ਸ਼ਬਦ ਦੀ ਬੀਚਾਰ ਕੀਤੀ ਉਹ ਸੇਵਕ ਵਾਹਿਗੁਰੂ ਦਾ ਪਿਆਰਾ ਬਣ ਗਿਆ। ਉਹ ਸੇਵਕ ਪ੍ਰਭੂ ਨੂੰ ਭਾਉਂਦਾ ਹੈ ਜਿਹੜਾ ਲਗਾਤਾਰ ਦਿਨ ਰਾਤ ਭਗਤੀ ਕਰਦਾ ਹੈ ਅਤੇ ਸੰਗ ਸੰਗਾ ਛੱਡ ਕੇ ਹਰੀ ਦੇ ਗੁਣ ਗਾਉਂਦਾ ਹੈ।

ਵਾਹਿਗੁਰੂ ਦੀ ਕਿਰਪਾ ਤੋਂ ਬਿਨਾ ਹਉਮੈਂ ਦੀ ਸੋਝੀ ਨਹੀਂ ਆ ਸਕਦੀ। ਜਦੋਂ ਅਕਾਲ ਪੁਰਖ ਦੀ ਮੇਹਰ ਹੋ ਜਾਏ ਤਾਂ ਜੀਵ ਨੂੰ ਉਸ ਦਾਤਾਰ ਦਾ ਭੈ (ਡਰ) ਭਾਸਣ ਲਗ ਜਾਂਦਾ ਹੈ। ਉਸਨੂੰ ਪ੍ਰਭੂ ਦੀ ਹੋਂਦ ਦਾ ਯਕੀਨ ਹੋ ਜਾਂਦਾ ਹੈ। ਜਿੰਨੀ ਦੇਰ ਤਕ ਮਨੁੱਖ ਨੂੰ ਪ੍ਰਭੂ ਦੀ ਹੋਂਦ ਦਾ ਵਿਸ਼ਵਾਸ ਨਹੀਂ ਬੱਝਦਾ ਉਨੀ ਦੇਰ ਤਕ ਇਹ ਮੈਂ ਮੈਂ ਹੀ ਕੂਕਦਾ ਫਿਰਦਾ ਹੈ। ਜਦੋਂ ਇਸ ਨੂੰ ਪ੍ਰਮਾਤਮਾ ਦੀ ਹੋਂਦ ਦਾ ਅਨੁਭਵ ਹੋ ਗਿਆ ਤਾਂ ਇਸ ਦੇ ਮਨ ਵਿੱਚ ਡਰ ਵਸਣ ਲੱਗ ਪਿਆ। ਕੁਕਰਮ ਕਰਦੇ ਨੂੰ ਕਿਸੇ ਅਣਡਿਠੀ ਸ਼ਕਤੀ ਦਾ ਭੈ ਆਉਣ ਲਗ ਪਿਆ। ਬੁਰਾ ਕੰਮ ਕਰਨ ਲੱਗਿਆਂ ਜ਼ਬਾਨ, ਹੱਥ, ਪੈਰ ਥਿੜਕਣ ਲੱਗੇ, ਮਨ ਡੋਲਣ ਲੱਗਾ, ਅੰਦਰਲੀ ਆਤਮਾ ਦੀ ਆਵਾਜ਼ ਸੁਣਨ ਲਗ ਪਈ, ਮਨ ਵਿੱਚ ਸਰਬ-ਸ਼ਕਤੀਮਾਨ ਦਾ ਭੈ ਵਸ ਗਿਆ। ਵਾਹਿਗੁਰੂ ਦਾ ਭੈ ਹਉਮੈਂ ਨੂੰ ਝੰਜੋੜਨ ਲੱਗਾ। ਹਉਮੈਂ ਦੀ ਸਾਖ ਹਿੱਲਣ ਲੱਗੀ। ਮਨ ਵਿਚ ਭੈ ਦੇ ਵਸਣ ਨਾਲ ਉਸ ਡਾਢੇ ਪ੍ਰਭੂ ਨਾਲ ਪ੍ਰੇਮ ਪਾਉਣ ਦਾ ਫੁਰਨਾ ਉਮਡਿਆ। ਵੱਡਿਆਂ ਤੋਂ ਵੱਡੇ ਪ੍ਰਭੂ ਨਾਲ ਮਿਤ-ਰਤਾ ਗੰਢਣ ਦੀ ਸੁੱਝੀ ਤਾਂ ਜੋ ਕਿਲ ਬਿਖ ਤੰਗ ਨਾ ਕਰਨ। "ਆਪਣੇ ਲੋਭ ਕੋ ਕੀਨੋ ਮੀਤ।" ਆਪਣੇ ਸੁਖ ਵਾਸਤੇ ਮਿਤ੍ਰਾਈ ਦਾ ਚਾ ਉਮਡਿਆ। ਮੈਂ ਮੈਂ ਦੀ ਥਾਂ ਤੂੰ ਤੂੰ ਹੋਣ ਲੱਗੀ। ਜਿੰਨੀ "ਤੂੰ ਤੂੰ" ਵਧੀ ਉਨੀ ਹੀ "ਮੈਂ ਮੈਂ" ਘਟੀ। ਹੌਲੀ ਹੌਲੀ ਸੋਝੀ ਹੁੰਦੀ ਗਈ ਕਿ ਸ੍ਰੀਰ ਰੂਪੀ ਭਾਂਡੇ ਵਿਚੋਂ "ਮੈਂ ਮੈਂ" ਦੇ ਹੁੰਦਿਆਂ "ਤੂੰ ਤੂੰ" ਨਹੀਂ ਸਮਾ ਸਕਦੀ। "ਮੈਂ" "ਤੂੰ" ਨਾਲ ਮਿਲ ਕੇ "ਤੂੰ ਹੀ ਤੂੰ" ਨਹੀਂ ਬਣ ਸਕਦੀ।

ਪ੍ਰਭੂ ਦੇ ਮਿਲਾਪ ਲਈ ਬਿਰਹਾ ਜਾਗ ਪਿਆ। ਪਤੀ ਪ੍ਰਭੂ ਨੂੰ ਰੀਝਾਵਣ ਲਈ ਜੀਵ ਰੂਪ ਇਸਤਰੀ ਨਿਮਾਣੀ ਬਣ ਗਈ। ਨਿਤਾਣੀ ਹੋ ਕੇ ਦਰ ਤੇ ਢਹਿ ਪਈ, ਪਰ ਪ੍ਰਭੂ ਦੇ ਦਰ ਦੀ ਸੋਝੀ ਕਿਵੇਂ ਪਈ? ਹਉਮੈਂ ਦਾ ਪਤਾ ਲੱਗਣ ਤੇ, ਹਉਮੈਂ ਦਾ ਪਤਾ ਕਦੋਂ ਲੱਗਾ ਜਦੋਂ ਪ੍ਰਭੂ ਦੀ ਨਦਰਿ ਹੋਈ। ਜਦੋਂ ਪਤਾ ਲਗ ਗਿਆ ਕਿ ਘਰ ਵਿਚ ਚੋਰ ਹੈ ਤਾਂ ਉਸ ਨੂੰ ਬਾਹਰ ਕੱਢਣ ਦੇ ਯਤਨ ਹੋਣ ਲੱਗੇ, ਗੁਰੂ ਦਾ ਲੜ ਪਕੜਿਆ। ਸੁਰਤੀ ਸ਼ਬਦ ਵਿੱਚ ਟਿਕਾਈ। ਨਾਮ ਦੀ ਲਟਕ ਲੱਗੀ। ਹਉਮੈਂ ਦੀ ਭੀਤ (ਕੰਧ) ਖੁਰਨ ਲੱਗੀ। ਹਉਮੈਂ ਦੀ ਥਾਂ ਨਿਮਰਤਾ ਵਸਣ ਲੱਗੀ। ਸਾਹਿਬ (ਅਕਾਲ ਪੁਰਖ) ਦੀ ਬਰਾਬਰੀ ਵਿੱਚ ਸਾਹਿਬ ਅਖਵਾਉਣ ਦੀ ਥਾਂ ਦਾਸ, ਬਣ ਗਿਆ। ਨਹੀਂ, ਨਹੀਂ। ਸਾਹਿਬ (ਪ੍ਰਭੂ) ਦੇ ਦਾਸਾਂ (ਸੰਤਾਂ, ਭਗਤਾਂ ਗੁਰਮੁਖਾਂ) ਦਾ ਦਾਸ ਬਣ ਗਿਆ। ਲਾਲਾ ਗੋਲਾ ਬਣ ਗਿਆ। ਜਦ ਦਾਸਨ ਦਾਸ ਬਣ ਗਿਆ ਤਾਂ



www.AKJ.Org

"ਮੈਂ" ਦੀ ਥਾਂ "ਤੂੰ" ਆ ਗਈ। ਪ੍ਰਭੂ ਦੇ ਦਰ ਦੀ ਸੋਝੀ ਪੈ ਗਈ।

"ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ।
ਕੋਈ ਐਸਾ ਸੰਤ ਸਹਿਜ ਸੁਖ ਦਾਤਾ
ਮੋਹਿ ਮਾਰਗੁ ਦੇਇ ਬਤਾਈ ॥ ੧ ॥ ਰਹਉ ॥
ਅੰਤਰਿ ਅਲਖੁ ਨ ਜਾਈ ਲਖਿਆ
ਵਿਚਿ ਪੜਦਾ ਹਉਮੈ ਪਾਈ।
ਮਾਇਆ ਮੋਹਿ ਸਭੋ ਜਗੁ ਸੋਇਆ।
ਇਹੁ ਭਰਮੁ ਕਹਹੁ ਕਿਉ ਜਾਈ ॥ ੧ ॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ
ਮਿਲਿ ਬਾਤ ਨ ਕਰਤੇ ਭਾਈ।
ਏਕ ਬਸਤੁ ਬਿਨੁ ਪੰਚ ਦੁਹੇਲੇ
ਓਹ ਬਸਤੁ ਅਗੋਚਰ ਠਾਈ ॥ ੨ ॥
ਜਿਸਕਾ ਗ੍ਰਿਹੁ ਤਿਨਿ ਦੀਆ ਤਾਲਾ
ਕੁੰਜੀ ਗੁਰ ਸਉਪਾਈ।
ਅਨਿਕ ਉਪਾਵ ਕਰੇ ਨਹੀਂ ਪਾਵੈ
ਬਿਨ ਸਤਿਗੁਰ ਸਰਣਾਈ ॥ ੩ ॥
ਜਿਨ ਕੇ ਬੰਧਨ ਕਾਟੇ ਸਤਿਗੁਰ
ਤਿਨ ਸਾਧ ਸੰਗਤਿ ਲਿਵ ਲਾਈ।
ਪੰਚ ਜਨਾ ਮਿਲਿ ਮੰਗਲੁ ਗਾਇਆ।
ਹਰਿ ਨਾਨਕ ਭੇਦੁ ਨ ਭਾਈ ॥ ੪ ॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ
ਮਿਲਿ ਜੋਤੀ ਜੋਤਿ ਸਮਾਈ ॥ ੧ ॥
ਰਹਾਉ ਦੂਜਾ ॥ ੧ ॥ (ਗਉੜੀ ਮ: ੫)

ਭਾਵ :—ਹੇ ਮੇਰੇ ਸੰਤੋ ਪਿਆਰਿਓ ! ਮੈਨੂੰ ਦੁਨੀਆਂ ਦਾ ਮਾਲਕ ਪ੍ਰਭੂ ਕਿਵੇਂ ਮਿਲੇ ? ਤੁਹਾਡੇ ਵਿਚ ਕੋਈ ਇਸ ਤਰ੍ਹਾਂ ਦਾ ਸੰਤ ਹੈ ਜਿਹੜਾ ਆਤਮ ਦਾ ਸੁਖ ਦਾਤਾ ਹੋਵੇ ਅਤੇ ਮੈਨੂੰ ਪਰਮੇਸ਼ਰ ਦਾ ਰਸਤਾ ਦਸ ਦੇਵੇ ?

ਦਿਲ ਦੇ ਅੰਦਰ ਹੀ ਅਲੱਖ ਰੂਪ ਆਤਮਾ ਹੈ ਪਰ ਵੇਖਿਆ ਨਹੀਂ ਜਾਂਦਾ ਕਿਉਂਕਿ ਹਉਮੈਂ ਦਾ ਪੜਦਾ ਪਇਆ ਹੋਇਆ ਹੈ। ਮਾਇਆ ਦੇ ਮੋਹ ਵਿਚ ਸਾਰਾ ਜਗਤ ਸੁੱਤਾ ਪਇਆ ਹੈ। ਦੱਸੋ ਫਿਰ ਇਹ ਭਰਮ ਰੂਪ ਮਾਇਆ ਕਿਵੇਂ ਜਾਵੇ ?

ਇਕ ਹੀ ਚੇਤਨ ਸਾਖੀ ਦੇ ਸੰਬੰਧ ਕਰਕੇ ਜੜ੍ਹ ਇੰਦਰੇ ਚੇਤਨ ਹੋਏ ਹੋਏ ਹਨ ਅਤੇ ਇਕ ਹੀ ਸਰੀਰ ਰੂਪ ਘਰ ਦੇ ਅੰਦਰ ਵਸਦੇ ਹਨ। ਹੇ ਭਾਈ ਆਪੋ ਵਿਚ ਹੀ ਮਿਲਕੇ ਗਲ ਬਾਤ ਨਹੀਂ ਕਰਦੇ।

ਇੱਕ ਆਤਮ ਵਸਤੂ ਦੇ ਮਿਲਣ ਬਿਨਾਂ ਪੰਜੇ ਹੀ ਗਿਆਨ ਇੰਦਰੇ ਦੁਖੀ ਰਹਿੰਦੇ ਹਨ ਅਤੇ ਉਹ ਵਸਤੂ ਸਰੀਰ ਦੇ ਅੰਦਰ ਹੀ ਹੈ ਪਰ ਹੈ ਛੁਪੀ ਹੋਈ।

ਜਿਸ ਪ੍ਰਭੂ ਦਾ ਘਰ ਹੈ ਉਸ ਨੇ ਅਗਿਆਨ ਰੂਪ ਜੰਦਰਾ ਮਾਰਿਆ ਹੈ ਅਤੇ ਬ੍ਰਹਮ ਵਿਦਿਆ ਦੀ ਕੁੰਜੀ ਗੁਰੂ ਨੂੰ ਸੌਂਪੀ ਹੋਈ ਹੈ। ਸਤਿਗੁਰਾਂ ਦੀ ਸ਼ਰਨ ਆਉਣ ਤੋਂ ਬਿਨਾਂ ਭਾਵੇਂ ਅਨੇਕਾਂ ਜਤਨ ਕਰੇ, ਵਿਦਯਾ ਰੂਪ ਕੁੰਜੀ ਨਹੀਂ ਪਾਵੇਗਾ।

ਜਿਨ੍ਹਾਂ ਦੇ ਬੰਧਨ ਸਤਿਗੁਰਾਂ ਨੇ ਕੱਟ ਦਿੱਤੇ ਹਨ, ਉਨ੍ਹਾਂ ਨੇ ਸਾਧ ਸੰਗਤਿ ਵਿਚ ਮਿਲਕੇ ਵਾਹਿਗੁਰੂ ਨਾਲ ਪ੍ਰੀਤੀ ਲਾਈ ਹੈ, ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਜਿਨ੍ਹਾਂ ਪੰਚ ਜਨਾਂ (ਗੁਰਮੁਖ ਪਿਆਰਿਆਂ) ਨਾਲ ਮਿਲਕੇ ਪ੍ਰਭੂ ਦੇ ਜਸ ਦਾ ਮੰਗਲ ਗਾਇਆ ਹੈ ਉਨ੍ਹਾਂ ਪ੍ਰਾਨੀਆਂ ਅਤੇ ਪਰਮਾਤਮਾ ਵਿੱਚ ਕੋਈ ਫਰਕ ਨਹੀਂ। ਇਸ



www.AKJ.Org

ਰੀਤੀ ਅਨੁਸਾਰ ਮੇਰੇ ਰਾਮ ਪ੍ਰਕਾਸ਼ਕ ਧਰਤੀ ਦੇ ਮਾਲਕ ਮਿਲਦੇ ਹਨ । ਜਦੋਂ ਗਿਆਨ ਹੋਇਆ ਤਾਂ ਭਰਮ ਉਸੇ ਵੇਲੇ ਨੱਸ ਗਿਆ । ਪ੍ਰਭੂ ਜੋਤੀ ਵਿਚ ਜੀਵ ਦੀ ਜੋਤ ਮਿਲਕੇ ਇਕ ਮਿਕ ਹੋ ਗਈ ।

ਬੱਸ ! ਹਉਮੈ ਬੂਝੈ ਤਾਂ (ਵਾਹਿਗੁਰੂ ਦਾ) ਦਰੁ ਸੂਝੈ । "ਹਉਮੈਂ ਜਾਈ ਤਾਂ ਕੰਤ ਸਮਾਈ, ਤਉ ਕਾਮਣਿ ਪਿਆਰੇ ਨਵਨਿਧਿ ਪਾਈ ।" ਜੇ ਹੰਕਾਰ ਜਾਵੇ ਤਾਂ ਪਤੀ ਪ੍ਰਮਾਤਮਾ ਵਿਚ ਸਮਾਈ ਹੁੰਦੀ ਹੈ । ਤਾਂ ਹੀ ਸਿਖ ਰੂਪ ਇਸਤਰੀ ਨੌ-ਨਿਧੀ ਰੂਪ ਪਿਆਰੇ ਮਾਲਕ ਨੂੰ ਪਾਉਂਦੀ ਹੈ ।

ਖੁਦੀ ਮਿਟੀ ਤਬ ਸੁਖ ਭਏ
ਮਨ ਤਨ ਭਏ ਅਰੋਗ ।
ਨਾਨਕ ਦ੍ਰਿਸ਼ਟੀ ਆਇਆ,
ਉਸਤਤ ਕਰਨੈ ਜੋਗ ।

(ਬਾਵਨ ਅਖਰੀ : ੫)

ਹਉਮੈ ਦੇ ਮਿਟ ਜਾਣ ਨਾਲ ਸੁਖ ਮਿਲ ਜਾਂਦਾ ਹੈ ਅਤੇ ਮਨ ਅਤੇ ਤਨ ਰੋਗ ਰਹਿਤ ਹੋ ਜਾਂਦੇ ਹਨ ਅਤੇ ਪ੍ਰਮਾਤਮਾ ਨਜ਼ਰ ਆ ਜਾਂਦਾ ਹੈ ।

— — —



www.AKJ.Org

# ਸਤਿਨਾਮ ਤੇਰਾ ਪਰਾ ਪੂਰਬਲਾ

ਵਲੋਂ : ਭਾਈ ਮਨਮੋਹਨ ਸਿੰਘ ਜੀ,
ਐਮ. ਐਸ. ਸੀ.

ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰਮਤਿ ਵਿਚ ਮੁਖ ਬਿਬੇਕ ਕਰਮ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਹੈ। ਨਾਮ ਅਭਿਆਸ ਕਮਾਈ ਬਿਹੂਣ ਹੋਰ ਕਿਸੇ ਤਰ੍ਹਾਂ ਦੇ ਕਰਮ ਸਭ ਫੋਕਟ ਹਨ। ਗੁਰ ਹੁਕਮ ਸਪਸ਼ਟ ਹੈ :-

"ਸਰਬ ਧਰਮ ਮਹਿ ਸ੍ਰੇਸ਼ਟ ਧਰਮ ॥
ਹਰਿ ਕਾ ਨਾਮੁ ਜਪਿ ਨਿਰਮਲ ਕਰਮੁ ॥"

ਹਰਿ ਕਾ ਨਾਮ ਜਾਪ ਰੂਪੀ ਨਿਰਮਲ ਕਰਮ ਹੀ ਸਰਬ ਸ੍ਰੇਸ਼ਟ ਧਰਮ ਹੈ। ਜੇ ਇਹ ਹੈ ਤਾਂ ਇਸ ਸਬੰਧੀ ਬਾਕੀ ਸਹਾਇਕਰਮ ਵੀ ਪਾਵਨ ਪਵਿਤ੍ਰ ਹਨ। ਜੇ ਇਹ ਮੁਖ ਕਰਮ ਨਹੀਂ ਹੈ ਤਾਂ ਬਾਕੀ ਕਰਮਾਂ ਧਰਮਾਂ ਤੇ ਇਹ ਗੁਰ ਹੁਕਮ ਆਇਦ ਹੁੰਦਾ ਹੈ :-

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥

ਅਤੇ ਇਸੇ ਕਰਕੇ ਨਾਲ ਲਗਦੇ ਹੀ ਇਹ ਹੁਕਮ ਵੀ ਕਰ ਦਿਤਾ ਹੈ ਕਿ ਭਾਈ :—

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੈ ॥

ਸੋ ਨਿਰਸੰਦੇਹ ਗੁਰਬਾਣੀ ਸਪਸ਼ਟ ਅਖਰਾਂ ਵਿਚ ਹੁਕਮਾਉਂਦੀ ਹੈ ਕਿ ਹੇ ਜਗਿਆਸੂ ਜਨੋ !

"ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥"

ਨਾਮ ਸਿਮਰਣ ਤੇ ਇਸ ਦੇ ਸਹਾਇਕ ਗੁਰਮਤਿ ਬਿਬੇਕ ਕਰਮਾਂ ਸੰਬੰਧੀ ਕਿਸਾਨ ਦੀ ਖੇਤੀ ਦੀ ਮਿਸਾਲ ਬਹੁਤ ਢੁਕਦੀ ਹੈ। ਕਿਸਾਨ ਦੀ ਸਾਰੀ ਘਾਲ ਕਮਾਈ ਦਾ ਸਿਟਾ ਉਸਦੀ ਖੇਤੀ ਦੀ ਉਪਜ ਤੋਂ ਪ੍ਰਗਟ ਹੋਣਾ ਹੈ। ਉਸਦੀ ਮੇਹਨਤ ਦਾ ਮੁਖ ਉਦੇਸ਼ ਚੰਗੀ ਤੇ ਬਹੁਤ ਉਪਜ ਪੈਦਾ ਕਰਨਾ ਹੈ। ਇਸ ਮੰਤਵ ਲਈ ਉਹ ਚੰਗਾ ਬੀਜ ਚੁਣਦਾ ਹੈ, ਸਮੇਂ ਸਿਰ ਬਿਜਾਈ ਕਰਦਾ ਹੈ ਅਤੇ ਫਿਰ ਪਕਣ ਤਕ ਫਸਲ ਨੂੰ ਗੁਡਦਾ ਹੈ, ਪਾਣੀ ਦੇਂਦਾ ਹੈ, ਵਾਧੂ ਬੂਟੀਆਂ ਨੂੰ ਕਢਦਾ ਹੈ ਅਤੇ ਇਹ ਸਾਰੇ ਹੀ ਭਾਵੇਂ ਸਹਾਇਕ ਕਰਮ ਹੀ ਹਨ ਪਰ ਅਤਿ ਹੀ ਜ਼ਰੂਰੀ ਹਨ। ਭਾਵੇਂ ਇਹ ਸਾਰੇ ਕਰਮ ਹੀ ਅਤਿ ਜ਼ਰੂਰੀ ਹਨ ਅਤੇ ਇਨਾਂ ਬਿਨਾ ਫ਼ਸਲ ਦੀ ਉਪਜ ਠੀਕ ਨਹੀਂ ਹੋ ਸਕਦੀ ਪਰ ਫਿਰ ਵੀ ਮੁਖ ਉਦੇਸ਼ ਤਾਂ ਖੇਤੀ ਦੀ ਉਪਜ ਹੀ ਹੈ। ਜੇਕਰ ਕੋਈ ਕਿਸਾਨ ਬੀਜ ਚੰਗਾ ਨਾ ਲਵੇ, ਬਿਜਾਈ ਸਮੇਂ ਸਿਰ ਨਾ ਕਰੇ ਜਾਂ ਉਕਾ ਹੀ ਨਾ ਕਰੇ ਤੇ ਐਵੇਂ ਖੇਤ ਵਿਚ ਬਾਕੀ ਹੋਰ ਸਹਾਇਕ ਕਰਮ ਕਰਦਾ ਫਿਰੇ ਤਾਂ ਉਸ ਦੀ ਸਾਰੀ ਘਾਲ ਅਜਾਈਂ



www.AKJ.Org

ਹੈ—ਬਲਿਕਿ ਹਾਸੋ ਹੀਣੀ ਹੈ। ਐਨ ਇਸੇ ਤਰ੍ਹਾਂ ਗੁਰਮਤਿ ਵਿਚ ਵੀ ਮੁਖ ਉਦੇਸ਼ ਤਾਂ ਹੈ "ਨਾਮ ਖੇਤੀ ਬੀਜਹੁ"। ਨਾਮ ਨੂੰ ਬੀਜ ਕੇ ਫਿਰ ਅਤੁਟ ਘਾਲ ਕਮਾਈ ਕਰਕੇ ਉਸਦੀ ਉਪਜ ਭਾਵ ਨਾਮ ਬੀਜ ਤੋਂ ਨਾਮੀ ਰੂਪੀ ਫੁਲ ਦੀ ਪ੍ਰਾਪਤੀ ਹੀ ਗੁਰਸਿਖੀ ਜੀਵਨ ਮਨੋਰਥ ਹੈ। ਜੇਕਰ ਨਾਮ ਕਮਾਈ ਨਹੀਂ, ਜਾਂ ਨਾਮ ਬੀਜ ਦੀ ਪ੍ਰਾਪਤੀ ਤੇ ਇਸ ਦੀ ਬਿਜਾਈ ਹੀ ਨਹੀਂ ਕੀਤੀ ਗਈ ਤਾਂ ਬਾਕੀ ਸਭ ਕਰਮ ਨਿਸਫਲ ਹਨ।

### *ਨਾਮ ਬੀਜ :–*

ਅਸਲੀ ਤੇ ਉਚ ਸੁਚੇ ਨਾਮ ਬੀਜ ਦੀ ਚੋਣ— ਇਹ ਹੈ ਪਹਿਲਾ ਕਰਤਵ ਗੁਰਸਿਖ ਜਗਿਆਸੂ ਰੂਪੀ ਕਿਸਾਨ ਦਾ। ਮਨੁਸ਼ ਨੇ ਜਿਵੇਂ ਕਾਦਰ ਕਰਤਾ ਪੁਰਖ ਦੀਆਂ ਸ਼ਕਤੀਆਂ ਨੂੰ ਦੇਖਿਆ ਤਾਂ ਆਪਣੀ ਸੂਝ ਅਨੁਸਾਰ ਅਕਾਲ ਪੁਰਖ ਦਾ ਨਾਮ ਉਸੇ ਗੁਣ ਦੇ ਆਧਾਰ ਤੇ ਰਖ ਲਿਆ। ਜਿਵੇਂ ਹਾਥੀ ਅਤੇ ਨੇਤ੍ਰ ਹੀਣਾ ਦੀ ਕਹਾਣੀ ਤੋਂ ਪ੍ਰਗਟ ਹੁੰਦਾ ਹੈ। ਚਾਰ ਨੇਤ੍ਰਹੀਣਾਂ ਨੇ ਹਾਥੀ ਨੂੰ ਆਪਣੇ ਹਥਾਂ ਨਾਲ ਜਾਚਿਆ। ਨੇਤ੍ਰਾਂ ਵਿਚ ਜੋਤ ਤਾਂ ਹੈ ਨਹੀਂ ਸੀ ਜੋ ਹਾਥੀ ਨੂੰ ਸਮੁਚਾ ਦੇਖ ਸਕਣ। ਇਸ ਲਈ ਉਹਨਾਂ ਹਥਾਂ ਦੀ ਛੂਹ ਨਾਲ ਹਾਥੀ ਦੀ ਸ਼ਕਲ ਤੇ ਆਕਾਰ ਦਾ ਅੰਦਾਜ਼ਾ ਲਗਾਇਆ। ਜਿਸ ਨੇ ਲਤਾਂ ਨੂੰ ਹਥ ਲਾਇਆ ਉਹ ਕਹੇ ਹਾਥੀ ਤਾਂ ਚੰਗੇ ਵੱਡੇ ਸਤੂਨਾਂ ਵਾਂਗੂ ਹੈ। ਜਿਸਨੇ ਸੁੰਡ ਨੂੰ ਹਥ ਲਾ ਕੇ ਪਰਖਿਆ ਉਸ ਅਨੁਸਾਰ ਹਾਥੀ ਮੋਟੀ ਰਸੀ ਵਾਂਗੂ ਹੈ ਇਤਿ ਆਦਿ। ਇਹ ਸਾਰੇ ਗਲਤ ਨਹੀਂ ਸਨ ਪਰ ਸਮੁਚੇ ਤੌਰ ਤੇ ਠੀਕ ਵੀ ਨਹੀਂ ਕਹੇ ਜਾ ਸਕਦੇ। ਉਨ੍ਹਾਂ ਨੇ ਜਿਸ ਭਾਗ ਨੂੰ ਛੂਹ ਕੇ ਪਰਖਿਆ ਉਸ ਅਨੁਸਾਰ ਉਨ੍ਹਾਂ ਦਾ ਅਨੁਮਾਨ ਠੀਕ ਸੀ ਪਰ ਸਮੁਚੇ ਹਾਥੀ ਦਾ ਵਰਨਣ ਤਾਂ ਉਹੀ ਕਰ ਸਕਦਾ ਹੈ ਜਿਸ ਦੇ ਨੇਤ੍ਰਾਂ ਵਿਚ ਜੋਤੀ ਹੋਣ ਕਰਕੇ ਉਹ ਸਮੁਚੇ ਹਾਥੀ ਨੂੰ ਸਾਂਗੋ ਪਾਂਗ ਦੇਖ ਸਕੇ। ਇੰਨ ਬਿੰਨ ਇਸੇ ਤਰ੍ਹਾਂ ਅਕਾਲ ਪੁਰਖ ਦੇ 'ਨਾਮ' ਤੇ ਵੀ ਇਹ ਵਿਚਾਰ ਜਚਦੀ ਹੈ। ਮਨੁੱਖੀ ਤਰੱਕੀ ਦੇ ਪਹਿਲਿਆਂ ਦਿਨਾਂ ਵਿਚ ਮਨੁਖ ਨੇ ਆਕਾਲ ਪੁਰਖ ਦੀ ਜਿਸ ਸ਼ਕਤੀ ਨੂੰ ਆਪਣ ਕਾਬੂ ਤੋਂ ਬਾਹਰ ਦੇਖਿਆ ਅਤੇ ਜੋ ਸ਼ਕਤੀ ਉਸਨੂੰ ਹਾਨੀ ਜਾਂ ਲਾਭ ਵੀ ਪੁਚਾ ਸਕਦੀ ਸੀ, ਉਸੇ ਸ਼ਕਤੀ ਨੂੰ ਅਕਾਲ ਪੁਰਖ ਦਾ ਨਾਮ ਦੇ ਦਿਤਾ। ਪਰ ਉਹ ਤਾਂ ਸਰਬ ਸ਼ਕਤੀਆਂ ਦੇ ਸੋਮੇ ਅਕਾਲ ਪੁਰਖ ਦੇ ਇਕ ਨਿਕੇ ਜਿਹੇ ਪਖ ਵਲ ਵੀ ਸੰਕੇਤ ਹੋ ਸਕਦਾ ਸੀ। ਉਸਦੇ ਸਮੁਚੇ ਗੁਣਾਂ ਦਾ ਪ੍ਰਗਟਾ ਨਹੀਂ ਸੀ ਕਰ ਸਕਦਾ। 'ਅਗਨੀ' ਮਨੁਖੀ ਜੀਵਨ ਦਾ ਮੂਲ ਹੈ, ਅਗਨੀ ਮਨੁੱਖੀ ਜੀਵਨ ਨੂੰ ਨਾਸ਼ ਕਰਨ ਦੀ ਸ਼ਕਤੀ ਵੀ ਰਖਦੀ ਹੈ। ਸੋ ਉਸੇ ਅਗਨੀ ਰਾਹੀਂ ਮਨੁੱਖ ਨੇ ਅਕਾਲ ਪੁਰਖ ਨੂੰ ਪੂਜਨਾ ਸ਼ੁਰੂ ਕਰ ਦਿਤਾ। ਇਸੇ ਤਰ੍ਹਾਂ ਵਖੋ ਵਖ ਸ਼ਕਤੀਆਂ ਦੀ ਪੂਜਾ ਹੋਣ ਲਗ ਗਈ ਤੇ ਉਹ ਸਭ ਸ਼ਕਤੀਆਂ ਦੇਵੀ ਦੇਵਤਿਆਂ ਦਾ ਰੂਪ ਧਾਰਨ ਕਰ ਗਈਆਂ।

ਫਿਰ ਹੋਰ ਤਰੱਕੀ ਹੋਈ। ਮਨੁਖੀ ਸੂਝ ਬੂਝ ਵਧੀ। ਉਸਨੇ ਅਕਾਲ ਪੁਰਖ ਨੂੰ ਹਰ ਥਾਂ ਤੇ ਰਮਿਆ ਹੋਇਆ ਅਨੁਭਵ ਕੀਤਾ। ਅਕਾਲ ਪੁਰਖ ਦਾ ਨਾਮ "ਰਾਮ" ਰਖ ਲਿਆ। ਉਸ ਨੂੰ ਸੋਝੀ ਆਈ ਕਿ ਉਹ ਅਕਾਲ ਪੁਰਖ ਸ੍ਰਿਸ਼ਟੀ



www.AKJ.Org

ਜਾਂ ਧਰਤੀਆਂ ਦਾ ਪਾਲਣਹਾਰ ਹੈ ਤਾਂ ਉਸ ਸ਼ਕਤੀ ਦਾ ਨਾਮ "ਗੋਪਾਲ" ਰਖ ਲਿਆ। ਇਸੇ ਤਰ੍ਹਾਂ ਹੀ ਅਕਾਲ ਪੁਰਖ ਦੇ ਨਾਮ "ਗੋਬਿੰਦ" "ਹਰੀ" "ਰਹੀਮ" "ਕਰੀਮ" "ਬੀਠਲ" ਰਖੇ ਗਏ—ਜੋ ਕਿ ਅਕਾਲ ਪੁਰਖ ਦੇ ਕਿਸੇ ਇਕ ਗੁਣ ਨੂੰ ਪ੍ਰਗਟਾਉਂਦੇ ਹਨ। ਪਰ ਅਕਾਲ ਪੁਰਖ ਤਾਂ ਇਨ੍ਹਾਂ ਸਾਰਿਆਂ ਅਤੇ ਬੇਅੰਤ ਹੋਰ ਗੁਣਾਂ ਤੇ ਸ਼ਕਤੀਆਂ ਦਾ ਮੰਬਾ ਹੈ। ਆਦਿ ਸ਼ਕਤੀ ਹੈ। ਕੋਈ ਇਕ ਗੁਣ ਦਾ ਵਰਨਣ ਅਕਾਲ ਪੁਰਖ ਦਾ ਵਰਨਣ ਨਹੀਂ ਕਰ ਸਕਦਾ। ਗੁਰਬਾਣੀ ਵਿਚ ਐਸੇ ਨਾਮਾਂ ਨੂੰ 'ਕਿਰਤਮ' ਨਾਮ ਕਿਹਾ ਗਿਆ ਹੈ। ਪਰ ਅਕਾਲ ਪੁਰਖ ਦਾ ਅਸਲ ਨਾਮ ਕੁਝ ਹੋਰ ਹੀ ਹੈ। ਜਿਸਦੀ ਸੋਝੀ ਮਨੁਖਤਾ ਨੂੰ ਗੁਰੂ ਨਾਨਕ ਪ੍ਰਗਟਣ ਤੋਂ ਪਹਿਲੇ ਹੋਈ ਹੀ ਨਹੀਂ। ਸ੍ਰਿਸ਼ਟੀ ਦੇ ਕਲਿਆਣ ਲਈ ਪਹਿਲੀ ਵਾਰੀ ਗੁਰੂ ਨਾਨਕ ਨੇ ਦੁਨੀਆਂ ਨੂੰ ਅਕਾਲ ਪੁਰਖ ਦਾ ਪਰਾ ਪੂਰਬਲਾ, ਖਾਸ ਨਿਜੀ ਨਾਮ ਦਸਿਆ ਤੇ ਨਾਲ ਹੀ ਆਪਣੇ ਤਜਰਬੇ ਦੇ ਆਧਾਰ ਤੇ ਸਪਸ਼ਟ ਤੌਰ ਤੇ ਨਗਾਰੇ ਦੀ ਚੋਟ ਨਾਲ ਕਿਹਾ ਕਿ ਕੇਵਲ ਇਹ ਇਕੋ 'ਨਾਮ' ਹੀ ਮਨੁਖਤਾ ਦੀ ਕਲਿਆਣ ਦਾ ਸਾਧਨ ਹੈ। ਬਾਕੀ ਸਭ ਨਾਮ ਕਿਰਤਮ ਨਾਮ ਹਨ। ਮਹਿਦੂਦ ਤੇ ਗਿਣੀ ਮਿਥੀ ਸ਼ਕਤੀ ਦੇ ਮਾਲਕ ਹਨ। ਕੇਵਲ ਏਕੋ ਗੁਰਮਤਿ 'ਨਾਮ' ਹੀ ਅਕਾਲ ਪੁਰਖ ਦੀ ਸਮੁਚੀ ਸ਼ਕਤੀ ਨੂੰ ਪ੍ਰਗਟਾਉਂਦਾ ਹੈ ਤੇ ਉਹੋ ਨਾਮ ਹੀ ਮਨੁਖਤਾ ਨੂੰ ਅਕਾਲ ਤਕ ਪੁਚਾ ਕੇ ਉਸ ਨਾਲ ਅਭੇਦ ਕਰਨ ਦੇ ਸਮਰਥ ਹੈ। ਇਸੇ ਲਈ ਗੁਰਬਾਣੀ ਵਿਚ ਫੁਰਮਾਨ ਹੈ :—

"ਜਪਹੁ ਤ 'ਏਕੋ' ਨਾਮਾ ॥
ਅਵਰਿ ਨਿਰਫਲ ਕਾਮਾ ॥

"ਕਲ ਮਹਿ 'ਏਕ' ਨਾਮ ਕਿਰਪਾ ਨਿਧਿ ਜਹਿ ਜਪੈ ਗਤਿ ਪਾਵੈ ॥" "ਏਕੋ ਨਾਮ ਹੁਕਮ ਹੈ, ਨਾਨਕ ਸਤਿਗੁਰ ਦੀਆ ਬੁਝਾਇ ਜੀਉ ॥"

ਇਤਿਆਦਿ......

ਦਸ਼ਮੇਸ਼ ਪਿਤਾ ਜੀ ਨੇ ਤਾਂ ਸ਼ਪਸ਼ਟ ਖੁਲ੍ਹੇ ਅਖਰਾਂ ਵਿਚ ਲਿਖ ਦਿਤਾ ਕਿ ਮਨੁਖਤਾ ਦੀ ਕਲਿਆਣ ਕੇਵਲ ਗੁਰਮਤਿ ਨਾਮ ਨੇ ਹੀ ਕਰਨੀ ਹੈ। ਹੋਰ ਜਿਤਨੇ ਵੀ ਕਿਰਤਮ ਨਾਮ ਹਨ ਉਹ ਮਨੁਖਤਾ ਨੂੰ ਸੰਪੂਰਨ ਤੌਰ ਉਬਾਰ ਨਹੀਂ ਸ਼ਕਦੇ:

ਬਿਨ ਹਰਿ ਨਾਮ ਨਾ ਬਾਚਨ ਪੈ ਹੈ।
ਚੌਦਹਿ ਲੋਕ ਜਾਹਿ ਬਸ ਕੀਨੇ,
ਤਾ ਤੇ ਕਹਾਂ ਪਲੈ ਹੈ ॥ ੧ ॥ ਰਹਾਉ ॥
'ਰਾਮ' 'ਰਹੀਮ' ਉਬਾਰ ਨਾ ਸਕਹੈ,
ਜਾਕਰ ਨਾਮ ਰਟੈ ਹੈ ॥
ਬ੍ਰਹਮਾ ਬਿਸ਼ਨ ਰੁਦ੍ਰ ਸੂਰਜ ਸਸਿ,
ਤ ਬਸਿ ਕਾਲ ਸਬੈ ਹੈ ॥ ੧ ॥
ਬੇਦ ਪੁਰਾਨ ਕੁਰਾਨ ਸਭੈ ਮਤ,
ਜਾਕਹ ਨੇਤ ਕਹੈ ਹੈ।
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ,
ਬਹੁ ਧਿਆਵਤ ਧਿਆਨ ਨ ਐਹੈ ॥ ੨ ॥
ਜਾਕਰ ਰੂਪ ਰੰਗ ਨਹਿ ਜਨਿਯਤ,
ਸੋ ਕਿਮ ਸਿਯਾਮ ਕਹੈ ਹੈ ॥
ਛੁਟ ਹੋ ਕਾਲ ਜਾਲ ਤੇ ਤਬ ਹੀ
ਤਾਂਹਿ ਚਰਨ ਲਪਟੈ ਹੈ ॥ ੩ ॥

ਇਸ ਸਬੰਧ ਵਿਚ ਪੰਥ ਦੀ ਉਘੀ ਹਸਤੀ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ ਇਸ



www.AKJ.Org

ਤਰ੍ਹਾਂ ਲਿਖਿਆ ਹੈ :—

"ਗੁਰਮਤਿ ਵਿਚ 'ਮਹਾਂ ਮੰਤ੍ਰ' ਯਾ ਗੁਰ-ਮੰਤ੍ਰ' ਉਹ ਹੈ ਜੋ ਸਾਰੇ ਦੱਸੇ ਨਾਵਾਂ ਵਿਚੋਂ ਜਪਣ ਵਾਸਤੇ ਸ੍ਰੇਸ਼ਟ ਤੇ ਸਭ ਤੋਂ ਉਤਮ ਹੈ...ਇਹ ਵਾਹਿਗੁਰੂ ਗੁਰਮੰਤ੍ਰ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਆ ਹੈ ।"

... ... ... ... ...

"ਉਹ ਇਕ ਹੈ, ਉਸਦਾ ਨਾਮ ਇਕ ਹੈ"

... ... ... ... ...

"ਗੁਰੂ ਜੀ ਨੇ ਸਾਰੇ ਨਾਮ ਗਿਣਕੇ 'ਕਿਰਤਮ' ਨਾਮ ਉਨ੍ਹਾਂ ਨੂੰ ਕਿਹਾ ਹੇ ਤੇ ਸਤਿਨਾਮ ਤੇਰਾ ਪਰਾ ਪੂਰਬਲਾ ਆਖਿਆ ਹੈ ।"

... ... ... ... ...

"ਇਹ ਨਾਮ (ਭਾਵ ਗੁਰਮਤਿ ਨਾਮ 'ਵਾਹਿਗੁਰੂ') ਤਾਂ ਪ੍ਰਮੇਸ਼ਰ ਦਾ ਨਿਜ ਨਾਮ ਹੈ। ਇਸ ਲਈ ਵਾਹਿਗੁਰੂ ਸਭ ਤੋਂ ਸ੍ਰੇਸ਼ਟ ਨਾਮ ਹੈ ਤੇ ਅਸਲੀ ਅਗਮ ਸਰੂਪ ਤਕ ਲੈ ਜਾਂਦਾ ਹੈ। ਅਗਮ ਦਾ ਲਖਾਇਕ ਹੋਣ ਕਰਕੇ ਰਬ ਜੀ ਦੇ ਦਰ ਅਪੜਾ ਦੇਣ ਵਾਲਾ ਅਸਲੀ ਪਰਾ ਪੂਰਬਲਾ ਨਾਮ ਹੈ—ਵਾਹਿਗੁਰੂ ।"

ਸੋ ਪ੍ਰਗਟ ਹੈ ਕਿ ਅਸਲ ਜਪਣ ਯੋਗ ਨਾਮ ਗੁਰਮਤਿ ਨਾਮੁ ਹੀ ਹੈ। ਬਾਕੀ ਹੋਰ ਕਿਰਤਮ ਨਾਮਾਂ ਦਾ ਜਾਪ ਉਹ ਗੁਣ ਤਾਂ ਮਨੁਖ ਵਿਚ ਉਪਜਾ ਸਕਦੇ ਹਨ ਜਿਨ੍ਹਾਂ ਗੁਣਾਂ ਦੇ ਉਹ ਲਖਾਇਕ ਹਨ ਪਰ ਰੱਬ ਜੀ ਦੇ ਨਿਜ ਘਰ ਤਕ ਪੁਚਾਉਣ ਦੀ ਸਮਰਥਾ ਕੇਵਲ ਗੁਰਮਤਿ ਨਾਮ ਵਿਚ ਹੀ ਹੈ । ਸੋ ਚੰਗੇ ਸਿਆਣੇ ਕਿਸਾਨ ਦੀ ਤਰ੍ਹਾਂ ਜਗਿਆਸੂ ਨੇ ਪਹਿਲੇ ਅਸਲ ਨਾਮ ਬੀਜ ਦੀ ਖੋਜ ਕਰਨੀ ਹੈ ਤੇ ਇਹ ਖੋਜ ਮਨੁਖਤਾ ਦੇ ਲਾਭ ਲਈ ਸਤਿਗੁਰੂ—ਸਚੇ ਗੁਰੂ—ਇਕੋ ਇਕ ਸਚੇ ਗੁਰੂ—ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰਕੇ, ਗੁਰਮਤਿ ਨਾਮ ਦਾ ਪ੍ਰਚਾਰ ਕਰਕੇ ਮਨੁਖਤਾ ਲਈ ਸੁਖਲੀ ਬਣਾ ਦਿਤੀ। ਜੇ ਇਨੇ ਸਤਿ ਉਪਜਾਊ ਬੀਜ ਦੇ ਹੁੰਦਿਆਂ ਮਨੁਖ ਭਟਕਦਾ ਫਿਰੇ ਤਾਂ ਅਹੋ ਭਾਗ !

———



www.AKJ.Org

# ਸਿੰਘ ਦਾ ਮੌਤ ਨੂੰ ਮਖ਼ੌਲ

*ਵਲੋਂ : ਭਾਈ ਸਾਹਿਬ ਹਰਿਚਰਨ ਸਿੰਘ ਜੀ, ਚੰਡੀਗੜ੍ਹ।*

'ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ ॥'

ਅੱਜ ਸੰਗਤਾਂ ਸ੍ਰੀ ਦਰਬਾਰ ਸਾਹਿਬ ਜੀ ਮੱਥਾ ਟੇਕ ਛੇਤੀ ਛੇਤੀ ਸ੍ਰੀ ਅਕਾਲ ਤਖਤ ਸਾਹਿਬ ਪੁਜ ਰਹੀਆਂ ਹਨ, ਜਿਥੇ ਸਮੇਂ ਦੇ ਸਿਰ-ਕੱਢ ਸੂਰਮਿਆਂ ਅਤੇ ਪ੍ਰੇਮੀ ਸੰਗਤਾਂ ਦੀ ਬਹੁਤ ਭੀੜ ਹੈ। ਢਾਡੀ ਚਮਕੌਰ ਦੇ ਯੁਧ ਦੀ ਵਾਰ ਬਹੁਤ ਰੱਸ ਅਤੇ ਜੋਸ਼ ਵਿਚ ਸੁਣਾ ਰਹੇ ਹਨ। ਸਾਰੇ ਸੂਰਮਿਆਂ ਦੇ ਚਿਹਰੇ ਲਾਲ ਹੋ ਰਹੇ ਹਨ ਅਤੇ ਸਤਿਗੁਰੂ ਜੀ ਅੱਗੇ ਅਰਦਾਸ ਕਰਦੇ ਹਨ ਕਿ ਪਾਤਸ਼ਾਹ ਜੀ ਆਪ ਧੰਨ, ਆਪ ਜੀ ਦੇ ਪੰਜ ਪਿਆਰੇ ਧੰਨ, ਜਿਨ੍ਹਾਂ ਨੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਕੇ, ਸ੍ਰੀ ਅਨੰਦਪੁਰ ਸਾਹਿਬ ਦਿਤੇ ਸੀਸ, ਫਿਰ ਯੁਧ ਵਿਚ ਆਪ ਤੋਂ ਵਾਰੇ ਅਤੇ ਆਪ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਗਏ। ਧੰਨ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਜੋ ਆਪ ਦਾ ਪਿਆਰ, ਥਾਪੀ, ਅਸੀਸ ਲੈ ਕੇ ਯੁਧ ਵਿਚ ਕੁਦੇ, ਆਪਣੀਆਂ ਤੇਗਾਂ ਵਾਹ ਕੇ ਵੈਰੀ ਦੇ ਸੱਥਰ ਧਰਤੀ ਤੇ ਵਿਛਾ ਦਿਤੇ, ਅਤੇ ਆਪ ਜੀ ਦੇ ਸਾਹਮਣੇ ਸ਼ਹੀਦੀਆਂ ਪਾ ਕੇ ਅਮਰ ਹੋ ਗਏ। ਕੀ ਪਾਤਸ਼ਾਹ ਜੀ ਇਹ ਸ਼ਹੀਦੀ ਦੇ ਪਾਤਰ ਅਸੀਂ ਵੀ ਬਣ ਸਕਦੇ ਹਾਂ।

ਢਾਡੀਆਂ ਨੇ ਹਾਲੇ ਵਾਰ ਖਤਮ ਕੀਤੀ ਸੀ ਕਿ ਦੀਵਾਨ ਦੇ ਬਾਹਰੋਂ ਕਿਸੇ ਸਿਆਣੇ ਮਨੁਸ਼ ਦੀ ਰੋਣ ਕੁਰਲਾਉਣ ਦੀ ਅਵਾਜ਼ ਆਈ। ਇਹ ਅਵਾਜ਼ ਤੋਂ ਭਾਸਦਾ ਸੀ ਕਿ ਕੋਈ ਡਾਢੀ ਦੁਖੀ ਆਤਮਾ ਹੈ।

ਇਹ ਆਦਮੀ ਦੀਵਾਨ ਦੇ ਬਿਲਕੁਲ ਅਗੇ ਆ ਕੇ ਆਪਣੀ ਵਿਥਿਆ ਰੋਂਦਾ ਕੁਰ-ਲਾਉਂਦਾ ਦਸਣ ਲਗਾ ਕਿ ਮੈਂ ਭਾਗਹੀਣ ਅਤਿ ਦੁਖਿਆਰਾ ਕਸੂਰ ਦੇ ਰਹਿਣ ਵਾਲਾ ਹਾਂ। ਜਨਮ ਦਾ ਬਾਹਮਣ ਹਾਂ। ਮੇਰੀ ਜੁਆਨ ਲੜਕੀ ਨੂੰ ਕਸੂਰ ਦਾ ਜ਼ਾਲਮ ਪਠਾਣ ਮੱਲੋ-ਮੱਲੀ ਘਰ ਵਿਚੋਂ ਚੁਕ ਕੇ ਲੈ ਗਿਆ ਹੈ। ਖਾਲਸਾ ਜੀ ਆਪ ਜੀ ਦਾ ਧਰਮ ਹੈ ਕਿ ਆਪ ਗਊ-ਗਰੀਬ ਦੀ ਰਖਸ਼ਾ ਕਰਦੇ ਹੋ ਇਸ ਲਈ ਮੈਂ ਆਪ ਜੀ ਦੀ ਸ਼ਰਣ ਆਇਆ ਹਾਂ ਆਪ ਮੇਰੀ ਅਨਾਥ ਲੜਕੀ ਦੀ ਸਹਾਇਤਾ ਕਰੋ।

ਇਸ ਸਮੇਂ ਦੀਵਾਨ ਵਿਚ ਪੰਜ ਮਿਸਲਾਂ ਦੇ ਜੱਥੇਦਾਰ, ਸਰਦਾਰ ਅਤੇ ਸੂਰਮੇ ਬੈਠੇ ਸਨ। ਪੰਡਿਤ ਉਚੀ ਰੋ ਰਿਹਾ ਸੀ। ਕਦੇ ਕਦੇ ਉਹਦੀਆਂ ਮੱਲੋ ਮੱਲੀ ਚੀਕਾਂ ਨਿਕਲ ਰਹੀਆਂ ਸਨ ਅੱਖਾਂ ਵਿਚੋਂ ਹੰਝੂਆਂ ਦੀ ਝੜੀ



www.AKJ.Org

ਲੱਗੀ ਸੀ ।

ਇਹ ਦ੍ਰਿਸ਼ ਵੇਖ ਕੇ ਭੰਗੀ ਮਿਸਲ ਦਾ ਜੱਥੇਦਾਰ ਸ੍ਰ: ਹਰੀ ਸਿੰਘ ਦੀਵਾਨ ਵਿਚ ਉਠ ਖਲੋਤਾ, ਜਿਸਦਾ ਚਿਹਰਾ ਗੁਸੇ ਨਾਲ ਲਾਲ, ਅਤੇ ਮਿਆਨ ਵਿਚੋਂ ਸ੍ਰੀ ਸਾਹਿਬ ਕੱਢਕੇ ਲਲਕਾਰ ਕੇ ਕਹਿਣ ਲੱਗਾ ਕਿ ਸੂਰਬੀਰੋ ਹੁਣ ਜਾਂ ਕਸੂਰ ਰਹੇਗਾ ਜਾਂ ਹਰੀ ਸਿੰਘ ਰਹੇਗਾ । ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਐਸਾ ਜ਼ੁਲਮ ਨਹੀਂ ਵੇਖ ਸਕਦਾ । ਹੁਣ ਸ਼ਹੀਦੀ ਪਾਉਣੀ ਹੀ ਅੱਛੀ ਹੈ ।

ਜੱਥੇਦਾਰ ਹਰੀ ਸਿੰਘ ਜੀ ਦੀ ਇਸ ਲਲਕਾਰ ਨੇ ਦੀਵਾਨ ਵਿਚ ਨੌਜੁਆਨ ਜੋਧਿਆਂ ਵਿਚ ਇਕ ਜੋਸ਼ ਦੀ ਲਹਿਰ ਉਤਪਨ ਕਰ ਦਿਤੀ ਪਰ ਸਿਆਣੇ ਆਦਮੀ ਕੁਝ ਸੋਚਾਂ ਵਿਚ ਪੈ ਗਏ ।

ਦੂਸਰੀ ਮਿਸਲ ਦਾ ਜਥੇਦਾਰ, ਜੋ ਉਮਰ ਦਾ ਵਡੇਰਾ ਸੀ, ਜਿਸ ਨੇ ਜੁਧ ਤਾਂ ਬਹੁਤ ਕੀਤੇ ਸਨ ਪਰ ਜੁਧ ਦੀਆਂ ਨੀਤੀਆਂ ਵਿਚ ਪ੍ਰਬੀਨ ਸੀ, ਦੀਵਾਨ ਵਿਚ ਖਲੋ ਗਿਆ ਅਤੇ ਬਹੁਤ ਸ਼ਾਂਤੀ ਨਾਲ ਜੱਥੇਦਾਰ ਹਰੀ ਸਿੰਘ ਜੀ ਨੂੰ ਬੇਨਤੀ ਕਰਨ ਲਗਾ "ਵੀਰ ਜੀ ! ਆਪ ਜੀ ਦੀ ਸੂਰਮਤਾ ਤੇ ਜਿੰਨਾ ਵੀ ਅਸੀ ਮਾਨ ਕਰੀਏ ਥੋੜ੍ਹਾ ਹੈ । ਸਾਰੇ ਯੁਧਾਂ ਵਿਚ ਆਪ ਜੀ ਦੀ ਮਿਸਲ ਆਪ ਜੀ ਦੀ ਕਮਾਨ ਹੇਠ ਵੈਰੀ ਦੇ ਗਲੇ ਸਭ ਤੋਂ ਪਹਿਲੋਂ ਪੈਂਦੀ ਹੈ । ਜਿੰਨੇ ਵੈਰੀ ਦੇ ਕਿਲੇ ਜਿਤੇ ਆਪ ਸਭ ਤੋਂ ਪਹਿਲਾਂ ਦਾਖਲ ਹੋਏ । ਵੈਰੀ ਦੇ ਸਰਦਾਰਾਂ ਅਤੇ ਨਵਾਬਾਂ ਨੂੰ ਕਤਲ ਕਰਨ ਵਿਚ ਆਪ ਜੀ ਦਾ ਪਹਿਲਾ ਨੰਬਰ ਹੈ । ਪਰ ਕਸੂਰ ਤੇ ਹਮਲਾ ਕਰਨ ਤੋਂ ਪਹਿਲਾਂ ਬਹੁਤ ਸੋਚ ਵਿਚਾਰ ਅਤੇ ਤਿਆਰੀ ਦੀ ਲੋੜ ਹੈ । ਕਸੂਰ ਦਾ ਨਵਾਬ ਹੁਣ ਦੇ ਸਮੇਂ ਸਭ ਵੈਰੀਆਂ ਤੋਂ ਤਾਕਤਵਰ ਹੈ ਅਤੇ ਇਸ ਨਾਲ ਕੋਈ ਮੱਥਾ ਲਾਉਣ ਨੂੰ ਤਿਆਰ ਨਹੀਂ । ਦਾਸ ਆਪ ਜੀ ਨਾਲ ਸਹਿਮਤ ਹੈ ਕਿ ਕਸੂਰ ਦੇ ਦੋਸ਼ੀ ਪਠਾਣ ਨੂੰ ਜ਼ਰੂਰ ਸੋਧਿਆ ਜਾਵੇ । ਪਰ ਇਸ ਵੇਲੇ ਸਾਡੀ ਪੰਜਾਂ ਮਿਸਲਾਂ ਦੀ ਨਫ਼ਰੀ ਏਥੇ ਪੰਜ ਹਜ਼ਾਰ ਤੋਂ ਵਧ ਨਹੀਂ ਜੋ ਕਸੂਰ ਵਿਚ ਯੁਧ ਕਰਨ ਲਈ ਬਹੁਤ ਘਟ ਹੈ । ਚੜ੍ਹਾਈ ਤੋਂ ਪਹਿਲਾਂ ਹੋਰ ਫ਼ੌਜ ਇਕਠੀ ਕਰਨ ਲਈ ਬੇਨਤੀ ਕਰਦਾ ਹਾਂ ।

ਤੀਸਰੀ ਮਿਸਲ ਦੇ ਜੱਥੇਦਾਰ ਨੇ ਕਹਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਸੂਰ ਦਾ ਹਾਕਮ ਪੰਜਾਬ ਵਿਚ ਸਭ ਤੋਂ ਬਲੀ ਹੈ । ਇਹਨੂੰ ਜਿਤਨਾ ਕੋਈ ਬਾਲਾਂ ਦੀ ਖੇਡ ਨਹੀਂ । ਬਹਾਦਰ ਸ਼ਾਹ ਦੇ ਸਮੇਂ ਤੋਂ ਹੁਣ ਤੱਕ ਕਸੂਰ ਨੇ ਲਾਹੌਰ ਨੂੰ ਕਦੇ ਆਪਣਾ ਹਾਕਮ ਨਹੀਂ ਮੰਨਿਆ । ਚੂਨੀਆਂ ਦੀ ਲੜਾਈ ਵਿਚ ਅਬਦੁਲ ਸਮੱਦ ਖਾਂ ਨੇ ਕਸੂਰ ਦੀਆਂ ਫ਼ੌਜਾਂ ਨੂੰ ਹਾਰ ਦਿਤੀ ਸੀ ਪਰ ਕਸੂਰ ਤੇ ਕਬਜ਼ਾ ਕਰਨ ਤੋਂ ਉਹ ਵੀ ਝਿਜਕ ਗਿਆ । ਜ਼ਕਰੀਆ ਖਾਂ ਤੇ ਮੀਰ ਮੰਨੂੰ ਦੇ ਜ਼ਮਾਨੇ ਵਿਚ ਇਹ ਆਜ਼ਾਦ ਰਿਹਾ । ਨਾਦਰ ਸ਼ਾਹ ਦੀ ਫ਼ੌਜ ਨੇ ਪੰਜਾਬ ਦੇ ਸਾਰੇ ਹਾਕਮ ਮਿਟੀ ਵਿਚ ਮਿਲਾ ਦਿਤੇ ਸੀ ਪਰ ਕਸੂਰ ਵੱਲ ਉਹਨੇ ਮੂੰਹ ਨਾ ਕੀਤਾ । ਫਿਰ ਅਬਦਾਲੀ ਦੀ ਤਲਵਾਰ ਤੋਂ ਡਰਦੇ ਸਾਰੇ ਪੰਜਾਬ ਦੇ ਹਾਕਮਾਂ ਨੇ ਉਸ ਦੀ ਈਨ ਭਰੀ ਪਰ ਕਸੂਰ ਆਜ਼ਾਦ ਹੀ ਰਿਹਾ । ਵੀਰ ਜੀ ਇਹ ਸਾਰੇ ਹਾਲਤ ਗਵਾਹੀ ਦਿੰਦੇ ਹਨ ਕਿ ਕਸੂਰ ਦੀ ਤਾਕਤ ਵੱਡੀ ਹੈ ਇਸ ਲਈ ਉਸ ਨਾਲ ਮੱਥਾ ਲਾਉਣ ਲਈ ਘੱਟੋ ਘੱਟ ਬੁਢੇ ਦਲ ਨੂੰ



www.AKJ.Org

ਬੁਲਾ ਲਿਆ ਜਾਵੇ ਜੋ ਹੁਣ ਬਾਹਰ ਗਿਆ ਹੈ।

ਚੌਥੀ ਮਿਸਲ ਦਾ ਜੱਥੇਦਾਰ ਉਠ ਕੇ ਸਾਰੀ ਸੰਗਤ ਨੂੰ ਫਤਹਿ ਬੁਲਾ ਕੇ ਸ੍ਰ: ਹਰੀ ਸਿੰਘ ਜੀ ਨੂੰ ਕਹਿਣ ਲਗਾ ਕਿ ਦਾਸ ਦਾ ਵੀਚਾਰ ਵੀ ਇਹ ਹੈ ਕਿ ਅਸੀਂ ਪੂਰੀ ਤਿਆਰੀ ਕਰਕੇ ਕਸੂਰ ਤੇ ਚੜ੍ਹਾਈ ਕਰੀਏ। ਇਹ ਆਪ ਨੂੰ ਪਤਾ ਹੈ ਕਿ ਕਸੂਰ ਦੇ ਅਫ਼ਗਾਨ ਲਾਹੌਰ ਤੋਂ ਆਕੀ ਹਨ ਪਿਛਲੇ ਪੰਜਾਹ ਸਾਲਾਂ ਤੋਂ ਇਨ੍ਹਾਂ ਨੇ ਲਾਹੌਰ ਦੇ ਸ਼ਾਹੀ ਖਜ਼ਾਨੇ ਵਿਚ ਇਕ ਦੱਮੜੀ ਨਹੀਂ ਭੇਜੀ ਅਤੇ ਕਾਨੇ ਕਾਛੇ ਤੋਂ ਸਤਲੁਜ ਤੱਕ ਸਾਰੇ ਇਲਾਕੇ ਤੇ ਕਾਬਜ਼ ਹੋ ਗਏ ਹਨ।

ਪੰਜਵੀਂ ਮਿਸਲ ਦੇ ਜਥੇਦਾਰ ਨੇ ਵੀ ਆਪਣੀ ਵਿਚਾਰ ਇਹ ਦਿਤੀ ਕਿ ਬਾਰਾਂ ਮਿਸਲਾਂ ਅਤੇ ਬੁੱਢੇ ਦਲ ਦੀਆਂ ਸਾਰੀਆਂ ਫੌਜਾਂ ਇਕੱਠੀਆਂ ਕਰ ਕੇ ਫਿਰ ਕਸੂਰ ਤੇ ਧਾਵਾ ਬੋਲਿਆ ਜਾਵੇ।

ਬਾਹਮਣ ਇਹ ਜੱਥੇਦਾਰਾਂ ਦੀਆਂ ਵਿਚਾਰਾਂ ਸੁਣ ਨਿਰਾਸਤਾ ਦੇ ਸਮੁੰਦਰ ਵਿਚ ਡੁੱਬ ਗਿਆ। ਪਿਟਣ ਅਤੇ ਚੀਕਾਂ ਮਾਰਨ ਲੱਗ ਪਿਆ।

ਸ੍ਰ: ਹਰੀ ਸਿੰਘ ਜੀ ਆਪਣੇ ਸਾਥੀ ਜੱਥੇਦਾਰਾਂ ਦੀਆਂ ਵੀਚਾਰਾਂ ਬਹੁਤ ਗਹੁ ਨਾਲ ਸੁਣਦਾ ਰਿਹਾ ਪਰ ਉਹਦਾ ਚਿਹਰਾ ਬਹੁਤ ਲਾਲ ਹੁੰਦਾ ਗਿਆ। ਸਰੀਰਕ ਕਰਕੇ ਉਹ ਅਕਾਲ ਤਖ਼ਤ ਦੇ ਸਾਹਮਣੇ ਚੌਗਾਣ ਵਿਚ ਬੈਠਾ ਸੀ ਪਰ ਮਨ ਕਰਕੇ ਉਹ ਕਸੂਰ ਦੇ ਜਾਬਰ ਪਠਾਣ ਦੀ ਬੋਟੀ ਬੋਟੀ ਕਰਨ ਦੀ ਤਿਆਰੀ ਵਿਚ ਰੁਝਾ ਸੀ।

ਸ੍ਰ: ਹਰੀ ਸਿੰਘ ਜੀ ਫਿਰ ਦੀਵਾਨ ਵਿਚ ਖੜੇ ਹੋਏ ਅਤੇ ਨੰਗੀ ਤਲਵਾਰ ਨੂੰ ਬਿਜਲੀ ਵਾਂਗ ਲਿਸ਼ਕਾ ਕੇ ਕੜਕਦੀ ਅਵਾਜ਼ ਵਿਚ ਕਹਿਣ ਲਗੇ "ਜਾਂ ਖਾਲਸਾ ਰਹੇਗਾ ਜਾਂ ਕਸੂਰ, ਜਿਸ ਨੇ ਸ਼ਹੀਦੀ ਦਾ ਬਾਟਾ ਪੀਣਾ ਹੈ ਉਹ ਦਾਸ ਨਾਲ ਰਲ ਜਾਏ ਜਿਸ ਨੇ ਵੀਚਾਰਾਂ ਕਰਨੀਆਂ ਹਨ ਉਹ ਏਥੇ ਰਹਿ ਜਾਏ।" ਇਹ ਕਹਿਕੇ ਛੋਟੀ ਦੇ ਕੇ ਨਗਾਰੇ ਨੂੰ ਚੋਟ ਲਾਈ ਅਤੇ ਜੈਕਾਰਾ ਛੱਡ ਦਿਤਾ। ਫਿਰ ਵੰਗਾਰ ਕੇ ਦੀਵਾਨ ਵਿਚ ਕਹਿਆ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਨੂੰ ਅੰਮ੍ਰਿਤ ਛਕਾ ਕੇ ਨਿਰਭੈ ਕੀਤਾ ਹੈ ਅਤੇ ਜ਼ੁਲਮ ਦੀ ਜੜ੍ਹ ਪੁਟਣ ਲਈ ਸਾਜਿਆ ਹੈ। ਫਿਰ ਉਚੀ ਉਚੀ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੇ ਪੁਤਰੋ ਤੁਹਾਡੀ ਅੱਜ ਅਜ਼ਮਾਇਸ਼ ਹੈ ਕਿ ਤੁਸੀਂ ਨਿਰਭੈ ਹੋ ਅਤੇ ਸ਼ਹੀਦੀ ਖੁਸ਼ੀ ਨਾਲ ਪ੍ਰਾਪਤ ਕਰਦੇ ਹੋ। ਇਹ ਕਹਿਕੇ ਬਾਹਮਣ ਨੂੰ ਬਾਂਹ ਤੋਂ ਫੜ ਕੇ ਦੀਵਾਨ ਤੋਂ ਬਾਹਬ ਤੇਜ਼ੀ ਨਾਲ ਜਾਂਦੇ ਹਨ।

ਸ੍ਰ: ਹਰੀ ਸਿੰਘ ਜੀ ਦੇ ਦੀਵਾਨ ਤੋਂ ਬਾਹਰ ਜਾਣ ਤੇ ਬਾਕੀ ਜੱਥੇਦਾਰ ਹੱਕੇ ਬੱਕੇ ਰਹਿ ਗਏ। ਸੋਚਣ ਲਗੇ ਕਿ ਹੁਣ ਇਹ ਨਿਰਭੈ ਯੋਧਾ ਕਸੂਰ ਜਾ ਕੇ ਸ਼ਹੀਦ ਹੋ ਜਾਏਗਾ। ਤਾਂ ਅਸੀਂ ਖਾਲਸੇ ਨੂੰ ਕੀ ਮੂੰਹ ਦੇਵਾਂਗੇ। ਸਾਡੇ ਬਚੇ ਅਤੇ ਸਾਡੀਆਂ ਤੀਵੀਆਂ ਸਾਨੂੰ ਕਾਇਰ ਕਹਿਣਗੀਆਂ।

ਦੀਵਾਨ ਵਿਚ ਇਕ ਜਥੇਦਾਰ ਉਠਦਾ ਹੈ ਅਤੇ ਕਹਿੰਦਾ ਹੈ ਕਿ ਦਾਸ ਵੀ ਵੀਰ ਹਰੀ ਸਿੰਘ ਜੀ ਨਾਲ ਸ਼ਹੀਦ ਹੋਣ ਚਲਿਆ ਹੈ। ਇਸ ਨੇ ਵੀ ਧੌਸੇ ਨੂੰ ਡੰਕਾ ਮਾਰਿਆ ਤੇ ਦੀਵਾਨ ਤੋਂ ਭੱਜ ਕੇ ਸ੍ਰ: ਹਰੀ ਸਿੰਘ ਦੇ ਪਿੱਛੇ ਨੱਸ ਗਿਆ।

ਬਾਕੀ ਤਿੰਨੇ ਜਥੇਦਾਰ ਵੀ ਦੀਵਾਨ ਵਿਚ ਕਹਿਣ ਲੱਗੇ ਹੁਣ ਅਸੀਂ ਵੀ ਵੀਰ ਹਰੀ ਸਿੰਘ ਜੀ ਨਾਲ ਕਸੂਰ ਸ਼ਹੀਦ ਹੋਣ ਚਲੇ ਹਾਂ। ਇਨ੍ਹਾਂ



www.AKJ.Org

ਨੇ ਵੀ ਵਾਰੋ ਵਾਰੀ ਦਮਾਮੇ ਨੂੰ ਟੁਣਕਾਰਿਆ। ਜਿੰਨੇ ਸੂਰਮੇ ਦੀਵਾਨ ਵਿਚ ਬੈਠੇ ਸਨ ਸਾਰਿਆਂ ਨੇ ਜੈਕਾਰੇ ਛੱਡੇ ਆਪਣੇ ਜੱਥੇਦਾਰਾਂ ਦੇ ਪਿਛੇ ਕਸੂਰ ਨੂੰ ਕੂਚ ਕਰ ਗਏ।

ਹੁਣ ਪੰਜ ਹਜ਼ਾਰ ਫ਼ੌਜ ਨੇ ਕਸੂਰ ਦਾ ਖੁਰਾ ਖੋਜ ਮਿਟਾਉਣ ਲਈ ਕੂਚ ਕਰ ਦਿੱਤਾ। ਇਹ ਖਬਰ ਸਾਰੇ ਮਾਝੇ ਵਿਚ ਫੈਲ ਗਈ ਕਿ ਪੰਜ ਹਜ਼ਾਰ ਸਿੰਘ ਕਸੂਰ ਸ਼ਹੀਦੀਆਂ ਪ੍ਰਾਪਤ ਕਰਨ ਲਈ ਕੂਚ ਕਰ ਗਏ ਹਨ। ਬੱਸ ਫੇਰ ਕੀ ਸੀ ਜੋ ਨੌਜੁਆਨ ਸਿੰਘ ਇਹ ਖਬਰ ਸੁਣੇ ਉਹ ਆਪਣੇ ਸ਼ਸਤਰ ਸੰਭਾਲ ਕਸੂਰ ਵਲ ਧਾਈ ਕਰ ਦੇਵੇ।

ਅਗਲੀ ਸਵੇਰ ਤੱਕ ਖਾਲਸੇ ਦਾ ਦਲ ੨੦ ਹਜ਼ਾਰ ਹੋ ਜਾਂਦਾ ਹੈ। ਅਗਲੀ ਸ਼ਾਮ ਤਕ ੩੦ ਹਜ਼ਾਰ ਹੋ ਜਾਂਦਾ ਹੈ। ਤੀਸਰੇ ਦਿਨ 40 ਹਜ਼ਾਰ। ਸ੍ਰ: ਹਰੀ ਸਿੰਘ ਨਿਰਭੈ ਜੋਧੇ ਦੀ ਲਲਕਾਰ ਤੇ 40 ਹਜ਼ਾਰ ਸਿੰਘ ਕੁਰਬਾਨੀ ਪ੍ਰਾਪਤ ਕਰਨ ਲਈ ਅਕਾਲੀ ਝੰਡੇ ਹੇਠਾਂ ਆ ਹਾਜ਼ਰ ਹੋ ਜਾਂਦੇ ਹਨ। ਸ੍ਰ: ਹਰੀ ਸਿੰਘ ਜੀ ਅਥਾਹ ਜੋਸ਼ ਵਿਚ ਇਹ 40 ਹਜ਼ਾਰ ਸੂਰਮਿਆਂ ਨਾਲ ਕਸੂਰ ਦੇ ਦੋਸ਼ੀ ਪਠਾਣ ਨੂੰ ਗ੍ਰਿਫ਼ਤਾਰ ਕਰ ਅਤੇ ਨਿਰਦੋਸ਼ ਲੜਕੀ ਨੂੰ ਮੁਕਤ ਕਰਾ ਉਹਦੇ ਪਿਤਾ ਦੇ ਹਵਾਲੇ ਕਰਦੇ ਹਨ। ਛੇਵੇਂ ਸਤਵੇਂ ਦਿਨ ਮੁੜ ਅਕਾਲ ਤਖਤ ਸਾਹਿਬ ਪੁਜ ਕੇ ਸਤਿਗੁਰੂ ਜੀ ਅਗੇ ਸੀਸ ਨਿਵਾਉਂਦੇ ਹਨ ਅਤੇ ਸ਼ੁਕਰਾਨਾ ਕਰਦੇ ਹਨ। ਗੁਰੂ ਗਰੀਬ ਨਿਵਾਜ ਆਪ ਜੀ ਨੇ ਦਾਸ ਵਿਚ ਵਰਤਕੇ ਇਹ ਕੀਟ ਤੋਂ ਇਹ ਸੇਵਾ ਲਈ ਹੈ। ਇਹ ਖਾਲਸਾ ਵੀ ਤੇਰਾ ਅਤੇ ਫ਼ਤਹਿ ਵੀ ਤੇਰੀ।

ਧੰਨ ਸ੍ਰ: ਹਰੀ ਸਿੰਘ ਜਥੇਦਾਰ ਜੀ, ਧੰਨ ਉਨ੍ਹਾਂ ਦੀ ਮਾਤਾ, ਜਿਸ ਦੀ ਕੁਖ ਤੋਂ ਐਸਾ ਨਿਰਭੈ ਯੋਧਾ ਪੈਦਾ ਹੋਇਆ।

— — —



www.AKJ.Org

# ਸ੍ਰ: ਹਰੀ ਸਿੰਘ ਜੀ ਨਲਵੇ ਦਾ ਆਗਿਆਕਾਰੀ ਘੋੜਾ

*ਵਲੋਂ ਭਾਈ ਸਾਹਿਬ ਹਰਿਚਰਨ ਸਿੰਘ ਜੀ, ਚੰਡੀਗੜ੍ਹ ।*

ਸ੍ਰ: ਹਰੀ ਸਿੰਘ ਨਲਵਾ, ਜਿਸਦਾ ਨਾਂ ਲੈ ਕੇ ਪਠਾਣੀਆਂ ਆਪਣੇ ਰੋਂਦੇ ਬਚਿਆਂ ਨੂੰ ਚੁਪ ਕਰਾਉਂਦੀਆਂ ਸਨ, ਜਦ ਉਹ ਯੋਧਾ ਜਮਰੋਦ ਦੇ ਕਿਲੇ ਤੋਂ ਬਾਹਰ ਦੁਸ਼ਮਨ ਦੀ ਗੋਲੀ ਨਾਲ ਜ਼ਖਮੀ ਹੁੰਦਾ ਹੈ ਤਾਂ ਆਪਣੇ ਜੰਗ ਦੇ ਸੱਦਾ ਸਾਥੀ ਘੋੜੇ ਨੂੰ ਪਿਆਰ ਨਾਲ ਕਹਿੰਦਾ ਹੈ ਕਿ ਮਿਤਰਾ ਛੇਤੀ ਮੈਨੂੰ ਕਿਲੇ ਵਿਚ ਪੁਜਾ । ਘੋੜਾ ਜਿਸ ਤਰ੍ਹਾਂ ਆਪਣੇ ਨਿਰਭੈ ਸੁਆਮੀ ਦੀ ਆਗਿਆ ਪਾਲਦਾ ਹੈ । ਕਵੀ ਕਾਦਰ ਯਾਰ ਜੀ ਹੇਠ ਲਿਖੀਆਂ ਵਾਰ ਦੀਆਂ ਸਤਰਾਂ ਰਾਹੀਂ ਉਸ ਦਾ ਨਕਸ਼ਾ ਬੰਨ੍ਹਦੇ ਹਨ :—

ਨੂਨ ਨਿਕਲ ਚਲ ਘੋੜਿਆ ਕਿੱਲੇ ਦੀ ਵੱਲ,
ਅਸਾਂ ਪਾਵਣਾ ਨਹੀਂ ਦੂਜੀ ਵਾਰ ਫੇਰਾ ।
ਗੋਲੀ ਲੱਗੀ ਹੈ ਕਹਿਰ ਕਲੇਰ ਵਾਲੀ,
ਘਾਇਲ ਹੋਇਆ ਏ ਅੱਜ ਅਸਵਾਰ ਤੇਰਾ ।
ਮੇਰੇ ਬਾਂਕਿਆ ਛੈਲ ਛਬੀਲਿਆ ਓ,
ਹੈਂ ਤੂੰ ਸੈਆਂ ਮੈਦਾਨਾਂ ਦਾ ਯਾਰ ਮੇਰਾ ।
ਕਾਦਰ ਯਾਰ ਜੇ ਲੈ ਚਲੇਂ ਅਜ ਡੇਰੇ,
ਤੇਰਾ ਕਦੀ ਨਾ ਭੁਲਸੀ ਪਿਆਰ ਸ਼ੇਰਾ ।
ਵਾਹ ਵਗਿਆ ਹਵਾ ਦੇ ਵਾਂਗ ਘੋੜਾ,
ਜਿਵੇਂ ਨਿਕਲਦਾ [illegible] ।
ਮਾਰ ਚੁੰਗੀਆਂ ਹਰਨ ਦੇ ਵਾਂਗ ਯਾਰੋ,
ਉਡ ਗਿਆ ਸੀ ਉਹ ਮੈਦਾਨ ਵਿਚੋਂ ।
ਫੌਜਾਂ ਸਿੰਘਾਂ ਦੀਆਂ ਵਿਚੋਂ ਗੁਜ਼ਰ ਗਿਆ,
ਲੰਘ ਗਿਆ ਸੀ ਲਸ਼ਕਰ ਪਠਾਣ ਵਿਚੋਂ ।
ਕਾਦਰ ਯਾਰ ਹਠ ਨਾਲ ਸਰਦਾਰ ਬੈਠਾ,
ਐਪਰ ਨਿੱਕਲਦੀ ਸੀ ਪਈ ਜਾਨ ਵਿਚੋਂ ।

———



www.AKJ.Org

# ਬਾਬੇ ਦਾ ਸੁਨੇਹਾ

ਵਲੋਂ :ਭਾਈ ਸਾਹਿਬ ਗੁਰਚਰਨ ਸਿੰਘ ਜੀ,
ਡਬਲ ਐਮ. ਏ. (ਪੰਜਾਬੀ-ਧਰਮ
ਅਧਿਐਨ)

ਗੁਰਬਾਣੀ ਦੇ ਵਿਆਖਿਆਕਾਰ ਅਤੇ ਸਿੱਖ ਧਰਮ ਦੇ ਵੇਦ-ਵਿਆਸ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਜ਼ਾਹਰ ਪੀਰ ਜਗਤ ਗੁਰ ਬਾਬਾ, ਕਹਿ ਕੇ ਸਤਿਕਾਰਿਆ ਹੈ। ਆਮ ਬੋਲ ਚਾਲ ਵਿਚ ਵੀ ਅਸੀਂ ਜਿਥੇ ਗੁਰੂ ਨਾਨਕ ਦੇਵ ਜੀ ਨੂੰ 'ਜਗਤ ਗੁਰੂ' ਕਹਿ ਕੇ ਪਿਆਰਦੇ ਹਾਂ। ਉਥੇ ਨਾਲ 'ਬਾਬਾ ਨਾਨਕ' ਕਹਿ ਕੇ ਵੀ ਸਤਿਕਾਰਦੇ ਹਾਂ। ਬਾਬਾ ਸ਼ਬਦ ਪੰਜਾਬੀ ਬੋਲੀ ਵਿਚ ਬੜਾ ਸਤਿਕਾਰ-ਯੋਗ ਸ਼ਬਦ ਹੈ ਜਿਸ ਦਾ ਅਰਥ ਹੈ ਕਿ ਚੰਗੀ ਸਿਖਿਆ ਦੇਣ ਵਾਲਾ ਬਜ਼ੁਰਗ। ਕੋਈ ਸਾਧਾਰਨ ਬੱਚਾ ਜਾਂ ਛੋਟੀ ਉਮਰ ਵਾਲਾ ਵਿਅਕਤੀ ਜੇ ਕੋਈ ਸਿਆਣਪ ਵਾਲੀ ਅਤੇ ਉੱਚੇ ਪੱਧਰ ਦੀ ਗਲ ਕਰੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਇਹ ਤਾਂ 'ਬਾਬਾ' ਬਣ ਕੇ ਗਲਾਂ ਕਰਦਾ ਹੈ।

ਇਉਂ ਹੀ 'ਜਗਤ ਗੁਰੂ' ਦਾ ਸ਼ਬਦੀ ਅਰਥ ਵੀ ਸਾਰੇ ਸੰਸਾਰ ਦਾ ਅਗਿਆਨਤਾ ਰੂਪੀ ਅੰਧੇਰਾ ਦੂਰ ਕਰਨ ਵਾਲਾ ਬਾਬਾ ਜਾਂ ਮਹਾਨ ਪੁਰਸ਼ ਹੀ ਲਿਆ ਜਾਂਦਾ ਹੈ।

ਬਾਬੇ ਨਾਨਕ ਨੇ ਦੇਸ ਪ੍ਰਦੇਸ ਵਿਚ ਫਿਰ ਕੇ ਆਪਣੇ ਪ੍ਰਚਾਰ ਦੌਰਿਆਂ ਰਾਹੀਂ ਜਨ ਸਾਧਾਰਨ ਤੋਂ ਲੈ ਕੇ ਵੱਡੇ ਤੋਂ ਵੱਡੇ ਵਿਅਕਤੀ ਨੂੰ ਵਹਿਮਾਂ ਤੇ ਭਰਮਾਂ ਵਿਚੋਂ ਕਢਿਆ। ਆਪਣੇ ਜੀਵਨ, ਬਾਣੀ ਅਤੇ ਇਲਾਹੀ ਕੀਰਤਨ ਰਾਹੀਂ ਸਾਡੀਆਂ ਸੁਤੀਆਂ ਕਲਾਂ ਨੂੰ ਜਗਾਇਆ। ਗੁਰੂ ਨਾਨਕ ਪਾਤਸ਼ਾਹ ਦੀ ਇਸੇ ਸਿਫਤ ਅਤੇ ਮਰਦਾਨਗੀ ਨੂੰ ਉਰਦੂ-ਫਾਰਸੀ ਦੇ ਮਹਾਨ ਕਵੀ ਇਕਬਾਲ ਨੇ ਇਉਂ ਰੂਪਮਾਨ ਕੀਤਾ ਹੈ—

"ਫ਼ਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਏਕ ਮਰਦਿ ਕਾਮਿਲ ਨੇ ਜਗਾਇਆ ਖ਼ਾਬ ਸੇ।"

ਭਾਵੇਂ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ 'ਜਗਤ ਗੁਰੂ' ਕਿਹਾ ਹੈ ਅਤੇ ਇਕਬਾਲ ਕਵੀ ਨੇ 'ਮਰਦਿ ਕਾਮਿਲ' ਕਹਿ ਕੇ ਵਡਿਆਇਆ ਹੈ। ਫਿਰ ਵੀ ਅਸਾਂ ਸੰਸਾਰੀਆਂ ਦਾ ਫ਼ਰਜ਼ ਬਣਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਰਾਹੀਂ ਇਹ ਵਿਚਾਰ ਕਰੀਏ ਕਿ ਬਾਬੇ ਨਾਨਕ ਨੇ ਜਗਤ ਨੂੰ ਕੀ ਸੁਨੇਹਾ ਦਿਤਾ ਹੈ ਜਿਸ ਕਰਕੇ ਭਾਈ ਸਾਹਿਬ ਆਪ ਜੀ ਨੂੰ 'ਜਾਹਰ ਪੀਰ ਜਗਤ ਗੁਰੂ ਬਾਬਾ' ਕਹਿ ਕੇ ਸਤਿਕਾਰਦੇ ਹਨ ਅਤੇ ਸਾਰਾ ਸੰਸਾਰ ਵੀ ਗੁਰੂ ਨਾਨਕ ਸਾਹਿਬ ਨੂੰ ਜਗਤ ਗੁਰੂ



www.AKJ.Org

ਕਹਿ ਕੇ ਵਡਿਆਉਂਦਾ ਤੇ ਯਾਦ ਕਰਦਾ ਹੈ ।

ਭਾਵੇਂ ਜਗਤ ਵਿਚ ਅਨੇਕਾਂ ਤਰ੍ਹਾਂ ਦੇ ਵਿਅਕਤੀ ਹਨ ਪਰ ਮੋਟੇ ਤੌਰ ਤੇ ਸਾਰੇ ਸੰਸਾਰੀ ਜੀਵਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :—

(ੳ) ਵਿਦਿਆਰਥੀ ਅਤੇ ਅਧਿਆਪਕ ਸ਼੍ਰੇਣੀ
(ਅ) ਗ੍ਰਿਹਿਸਤ ਸ਼੍ਰੇਣੀ
(ੲ) ਤਿਆਗੀ ਸ਼੍ਰੇਣੀ
(ਸ) ਹਾਕਮ ਸ਼੍ਰੇਣੀ
(ਹ) ਖੋਜੀ ਅਤੇ ਵਿਦਵਾਨ ਸ਼੍ਰੇਣੀ

ਉਪਰਲੀ ਸ਼੍ਰੇਣੀ-ਵੰਡ ਅਨੁਸਾਰ ਅਸੀਂ ਹੁਣ ਵਿਚਾਰ ਕਰਾਂਗੇ ਕਿ ਜਗਤ ਗੁਰੂ ਬਾਬੇ ਨਾਨਕ ਨੇ ਇਨ੍ਹਾਂ ਸ਼੍ਰੇਣੀਆਂ ਨੂੰ ਜੀਵਨ ਯਾਤਰਾ ਸਫਲ ਕਰਨ ਲਈ ਕਿਹੜਾ ਸੁਨੇਹਾ ਦਿਤਾ ਜਿਸ ਕਰਕੇ ਸਭ ਸੰਸਾਰੀ ਆਪ ਜੀ ਨੂੰ ਬਾਬੇ ਨਾਨਕ ਦੇ ਸ਼ਬਦ ਨਾਲ ਯਾਦ ਵਿਚ ਲਿਆਉਂਦੇ ਅਤੇ ਸਤਿਕਾਰਦੇ ਹਨ ।

(ੳ) ਵਿਦਿਆਰਥੀ ਅਤੇ ਅਧਿਆਪਕ ਸ਼੍ਰੇਣੀ :

ਸਾਧਾਰਨ ਦ੍ਰਿਸ਼ਟੀ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਸੰਸਾਰ ਵਿਚ ਦੋ ਹੀ ਮੁਖ ਸ਼੍ਰੇਣੀਆਂ ਹਨ । ਇਕ ਸਿਖਣ ਵਾਲੀ ਅਤੇ ਇਕ ਸਿਖਾਣ ਵਾਲੀ। ਜਿਵੇਂ 'ਸਿਖ' ਦਾ ਸ਼ਬਦੀ ਅਰਥ ਸਾਰੀ ਉਮਰ ਕੁਝ ਨਾ ਕੁਝ ਸਿਖਦੇ ਰਹਿਣਾ ਹੈ ਤਿਵੇਂ ਹੀ ਹਰ ਮਨੁੱਖ ਸਾਰੀ ਉਮਰ ਵਿਦਿਆਰਥੀ ਜਾਂ ਇਉਂ ਕਹੋ ਕਿ ਸਿਖਿਆਰਥੀ ਬਣਕੇ ਕੁਝ ਨਾ ਕੁਝ ਸਿਖਦਾ ਹੀ ਰਹਿੰਦਾ ਹੈ; ਭਾਵੇਂ ਉਹ ਕਿੰਨੀ ਪੱਕੀ ਉਮਰ ਦਾ ਹੋ ਜਾਵੇ । ਜਗਤ ਗੁਰੂ ਬਾਬੇ ਨਾਨਕ ਨੇ ਇਕ ਸੱਚਾ ਗੁਰੂ (ਸੱਚਾ ਤੇ ਚੰਗਾ ਅਧਿਆਪਕ) ਹੋਣ ਦੇ ਨਾਤੇ ਵਿਦਿਆਰਥੀ ਅਤੇ ਅਧਿਆਪਕ ਸ਼੍ਰੇਣੀ ਨੂੰ ਚੰਗਾ ਨਿਗਰ ਸੁਨੇਹਾ ਦਿਤਾ ਹੈ । ਵਿਦਿਆ ਦੇ ਮੁੱਖ ਪ੍ਰਯੋਜਨ ਬਾਰੇ ਦਸਦੇ ਹੋਏ ਆਪ ਜੀ ਨੇ ਫੁਰਮਾਇਆ—

"ਵਿਦਿਆ ਵੀਚਾਰੀ ਤਾਂ ਪਰਉਪਕਾਰੀ"

ਬਾਬੇ ਦਾ ਸੁਨੇਹਾ ਹੈ ਕਿ ਵਿਦਿਆ ਦਾ ਕੰਮ ਹੀ ਪਰਉਪਕਾਰ ਕਰਨਾ ਹੈ । ਜਿਥੇ ਵਿਦਿਆ ਦੇਣ ਵਾਲੇ ਅਧਿਆਪਕ ਵਿਦਿਆਰਥੀਆਂ ਨੂੰ ਪੜ੍ਹਾ ਕੇ ਪਰਉਪਕਾਰ ਕਰਦੇ ਹਨ, ਉਥੇ ਵਿਦਿਆ ਲੈਣ ਵਾਲੇ ਵੀ ਅਜਿਹੇ ਜੋਉੜੇ ਹੀ ਬਣਨੇ ਚਾਹੀਦੇ ਹਨ ਜੋ ਦੇਸ਼ ਕੌਮ ਲਇ 'ਜਨ ਪਰਉਪਕਾਰੀ' ਬਣ ਸਕਣ । ਸਿੱਖ ਇਤਿਹਾਸ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਨੂੰ ਖਤਰੀ ਕੁੱਲ ਦੀ ਰੀਤ ਅਨੁਸਾਰ ਧਾਗੇ ਦਾ ਜਨੇਊ ਪਹਿਨਾਇਆ ਜਾਣ ਲਗਾ ਤਾਂ ਆਪ ਜੀ ਨੇ ਧਾਗੇ ਦਾ ਬਣਿਆ ਹੋਇਆ ਰਸਮੀ ਜਨੇਊ ਪਾਉਣ ਤੋਂ ਇਨਕਾਰ ਕਰ ਦਿਤਾ ਅਤੇ ਸੱਚੇ ਅਤੇ ਸਦੀਵੀ ਜਨੇਊ ਦੇ ਇਹ ਗੁਣ ਦਸੇ—

ਦਇਆ ਕਪਾਹ ਸੰਤੋਖ ਸੂਤੁ,
ਜਤੁ ਗੰਢੀ ਧਤੁ ਵਟ ॥
ਏਹ ਜਨੇਊ ਜੀਆ ਕਾ,
ਹਈ ਤਾ ਪਾਂਡੇ ਘਤੁ ॥

ਬਾਬੇ ਨੇ ਕਿਹਾ ਕਿ ਮੈਂ ਅਜਿਹਾ ਜਨੇਊ ਪਾਉਣਾ ਚਾਹੁੰਦਾ ਹਾਂ ਜਿਸ ਦੇ ਧਾਗੇ ਨੂੰ ਤਿਆਰ ਕਰਨ ਵਿਚ ਦਇਆ ਦੀ ਕਪਾਹ ਲਗੀ ਹੋਵੇ, ਸੰਤੋਖ ਦਾ ਸੂਤ ਵਰਤਿਆ ਹੋਵੇ, ਧਾਗੇ ਨੂੰ ਗੰਢ (ਜਤ) ਆਤਮਕ ਪਵਿਤਰਤਾ ਦੀ ਦਿਤੀ ਹੋਵੇ ਅਤੇ ਸਚਾਈ (ਸਤ) ਦੇ ਵੱਟ ਉਸ ਧਾਗੇ ਨੂੰ



www.AKJ.Org

ਚਾੜੇ ਹੋਣ। ਆਪ ਜੀ ਨੇ ਕਿਹਾ ਕਿ ਅਜਿਹੇ ਗੁਣਾਂ ਵਾਲਾ ਜਨੇਊ ਮੈਂ ਪਾਉਣ ਨੂੰ ਤਿਆਰ ਹਾਂ। ਕਿਉਂਕਿ ਇਹ ਗੁਣਾਂ ਰੂਪੀ ਜਨੇਊ ਨੇ ਮੇਰੇ ਜੀਵਨ ਦਾ ਅੰਗ ਬਣ ਜਾਣਾ ਹੈ। ਅਜਿਹੇ ਗੁਣਾਂ ਰੂਪੀ ਜਨੇਊ ਨੇ ਨਾ ਟੁਟਣਾ ਹੈ, ਨਾ ਇਸ ਨੂੰ ਮੈਲ ਲਗਣੀ ਹੈ ਅਤੇ ਨਾਂਹ ਇਸ ਨੇ ਅਗ ਵਿਚ ਜਲਣਾ ਹੈ। ਸਗੋਂ ਇਨ੍ਹਾਂ ਗੁਣਾਂ ਨੇ ਮੇਰੀ ਆਤਮਾ ਆ ਅੰਗ ਬਣ ਕੇ ਮੇਰਾ ਲੋਕ ਪ੍ਰਲੋਕ ਸਵਾਰਨਾ ਹੈ।

ਭਾਵੇਂ ਜਨੇਊ ਪਾਉਣ ਦੀ ਰਸਮ ਵੇਲੇ ਬਾਬੇ ਨਾਨਕ ਨੇ ਪੰਡਤ (ਪਾਂਡੇ) ਨੂੰ ਸਚੇ ਜਨੇਊ ਦੇ ਗੁਣ ਦਸੇ ਅਤੇ ਰਸਮੀ ਧਾਗੇ ਦਾ ਜਨੇਊ ਪਾਉਣ ਤੋਂ ਇਨਕਾਰ ਕਰ ਦਿਤਾ ਪਰ ਬਾਬੇ ਦਾ ਇਹ ਸੁਨੇਹਾ ਇਕ ਅਧਿਆਪਕ ਨੂੰ ਸੁਨੇਹਾ ਹੈ। ਸੱਚੇ ਜਨੇਊ ਦੇ ਗੁਣ ਦਸਣ ਵੇਲੇ ਜੋ ਸੁਨੇਹਾ ਜਾਂ ਜੋ ਸਿਖਿਆ ਇਕ ਪਾਂਡੇ ਨੂੰ ਦਿਤੀ, ਅਸਲ ਵਿਚ ਉਹ ਸਿਖਿਆ ਉਦੋਂ ਦੀ ਅਤੇ ਅੱਜ ਦੀ ਅਧਿਆਪਕ ਸ਼ਰੇਣੀ ਅਤੇ ਵਿਦਿਆਰਥੀ ਸ਼ਰੇਣੀ ਨੂੰ ਹੈ।

ਬਾਬੇ ਨਾਨਕ ਦਾ ਅਧਿਆਪਕ ਸ਼ਰੇਣੀ ਨੂੰ ਸੁਨੇਹਾ ਹੈ, ਵਿਦਿਅਕ ਕਰਮਚਾਰੀਆਂ ਨੂੰ ਸਿਖਿਆ ਹੈ ਕਿ ਵਿਦਿਆਰਥੀਆਂ ਲਈ ਅਜਿਹਾ ਸਲੇਬਸ ਬਣਾਉ, ਅਜਿਹੀਆਂ ਪਾਠ ਪੁਸਤਕਾਂ ਨੀਅਤ ਕਰੋ, ਸਿਖਿਆ ਦੇ ਪ੍ਰਚਾਰ ਸਾਧਨਾਂ ਰੇਡੀਓ, ਸਿਨਮਾਂ ਨੂੰ ਅਜਿਹੀ ਪੱਧਰ ਦਾ ਬਣਾਉ ਕਿ ਜਿਨ੍ਹਾਂ ਨੂੰ ਪੜ੍ਹਕੇ, ਸੁਣ ਕੇ ਅਤੇ ਵੇਖ ਕੇ ਵਿਦਿਆਰਥੀਆਂ ਵਿਚ ਦਇਆ (ਤਰਸ ਕਰਨਾ) ਸੰਤੋਖ (ਸਬਰ ਕਰਨਾ) ਜੱਤ (ਉੱਚਾ ਸੁਚਾ ਆਚਰਣ ਬਣਾਉਣਾ) ਅਤੇ ਸੱਤ (ਸਚਾਈ) ਜਿਹੇ ਗੁਣ ਪ੍ਰਵੇਸ਼ ਕਰ ਜਾਣ। ਅਧਿਆਪਕ ਨੂੰ ਸੁਨੇਹਾ ਹੈ ਕਿ ਆਪਣਾ ਰੋਜ਼ਾਨਾ ਜੀਵਨ ਅਜਿਹਾ ਬਣਾਉਣ ਕਿ ਜਨੇਊ ਵਾਲੇ ਗੁਣ ਤੁਹਾਡੇ ਜੀਵਨ ਦਾ ਅੰਗ ਬਣ ਜਾਣ ਤੇ ਇਹ ਗੁਣ ਸਹਿਜ ਸੁਭਾਏ ਵਿਦਿਆਰਥੀਆਂ ਵਿਚ ਪ੍ਰਵੇਸ਼ ਕਰ ਜਾਣ। ਬਾਬੇ ਨਾਨਕ ਨੇ ਇਕ ਜਨੇਊ ਦੇ ਗੁਣ ਦਸ ਕੇ ਮਨੁਖੀ ਜੀਵਨ ਦੀਆਂ ਜ਼ਰੂਰੀ ਸਿਫ਼ਤਾਂ ਵਲ ਧਿਆਨ ਦਵਾਇਆ ਹੈ।

ਜੇ ਡੂੰਘੀ ਦ੍ਰਿਸ਼ਟੀ ਨਾਲ ਵਿਚਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਮਨੁਖੀ ਸੁਭਾ ਦੀ ਨੀਂਹ ਵਿਦਿਆਰਥੀ ਜੀਵਨ ਤੋਂ ਹੀ ਰਖੀ ਜਾਂਦੀ ਹੈ। ਚੜ੍ਹਦੀ ਉਮਰ ਵਿਚ ਜੋ ਸਿਫਤਾਂ ਵਿਦਿਆਰਥੀ ਵਿਚ ਪ੍ਰਵੇਸ਼ ਕਰ ਜਾਣ, ਵਡੇਰੀ ਉਮਰ ਵਿਚ ਉਹ ਪੱਕੀਆਂ ਹੋ ਜਾਂਦੀਆਂ ਹਨ। ਇਹਨਾਂ ਚੰਗੀਆਂ ਸਿਫ਼ਤਾਂ ਦੇ ਆਧਾਰ ਤੇ ਹੀ ਮਨੁਖੀ ਸ਼ਖ਼ਸੀਅਤ ਬਣਦੀ ਹੈ ਜੋ ਮਨੁੱਖੀ ਸਮਾਜ ਨੂੰ ਚੰਗਾ ਮੰਦਾ ਬਣਾਉਂਦੀ ਹੈ।

ਬਾਬੇ ਨਾਨਕ ਨੇ ਅਧਿਆਪਕ ਸ਼ਰੇਣੀ ਨੂੰ ਉੱਚਾ ਚੁਕਣ ਲਈ ਖਾਸ ਸੁਨੇਹਾ ਦਿਤਾ ਹੈ। ਜਿਹੜਾ ਅਧਿਆਪਕ ਪੜ੍ਹਿਆ ਲਿਖਿਆ ਹੋ ਕੇ ਸੰਸਾਰਕ ਵਿਦਿਆ ਦਾ ਹੰਕਾਰ ਕਰਦਾ ਹੈ, ਆਪਣੀ ਵਿਦਿਅਕ ਯੋਗਤਾ ਨੂੰ ਕੇਵਲ ਧਨ ਕਮਾਉਣ ਅਤੇ ਦੁਨੀਆਵੀ ਪਦਾਰਥ ਇਕੱਠੇ ਕਰਨ ਤੇ ਮਾਣ ਵਡਿਆਈ ਪ੍ਰਾਪਤ ਕਰਨ ਵਿਚ ਹੀ ਮਗਨ ਰਹਿੰਦਾ ਹੈ ਉਸ ਸੰਸਾਰੀ ਤੇ ਪੜ੍ਹੇ ਲਿਖੇ ਮਨੁਖ ਲਈ ਬਾਬੇ ਨਾਨਕ ਨੇ ਇਹ ਕਰੜੇ ਸ਼ਬਦ ਵਰਤੇ ਹਨ।



www.AKJ.Org

ਪੜਿਆ ਮੂਰਖਿ ਆਖੀਐ,
ਜਿਸ ਲਬੁ ਲੋਭ ਅਹੰਕਾਰ ।

ਜਿਹੜਾ ਪੜ੍ਹਿਆ ਲਿਖਿਆ ਮਨੁਖ ਆਪ ਸੰਜਮੀ ਨਹੀਂ, ਖਾਣ ਪੀਣ ਤੇ ਹੋਰ ਰਸਾਂ ਕਸਾਂ ਦੇ ਅਧੀਨ ਹੈ । 'ਏਕਾ ਨਾਰੀ ਪਰ ਜਤੀ' ਦੇ ਹੁਕਮ ਅਨੁਸਾਰ ਬ੍ਰਹਮਚਾਰਯ ਨਹੀਂ ਰਖਦਾ, ਉਹ ਦੇਸ਼ ਕੌਮ ਦੇ ਵਿਦਿਆਰਥੀਆਂ ਦਾ ਕਿਵੇਂ ਕਲਿਆਣ ਕਰ ਸਕਦਾ ਹੈ :-

ਜਿਵੇਂ ਗੁਰੂ ਜੀ ਦੀ ਦ੍ਰਿਸ਼ਟੀ ਵਿਚ ਵਿਦਿਆ ਦਾ ਨਿਸ਼ਾਨਾ ਨਿਰੇ ਪੜ੍ਹੇ ਲਿਖੇ ਮੂਰਖ ਪੈਦਾ ਕਰਨਾ ਨਹੀਂ ਸਗੋਂ ਅੰਦਰੋਂ ਬਾਹਰੋਂ ਮਨ ਬਚਨ ਕਰਮ ਕਰਕੇ ਸੰਜਮੀ ਮਨੁਖ ਪੈਦਾ ਕਰਨਾ ਹੈ ਤਿਵੇਂ ਹੀ ਅੱਜ ਦੇ ਮਹਾਨ ਵਿਦਿਵਾਨ ਡਾਕਟਰ ਰਾਧਾ ਕ੍ਰਿਸ਼ਨਨ ਨੇ ਵੀ ਵਿਦਿਆ ਦਾ ਨਿਸ਼ਾਨਾ ਅਜਿਹਾ ਹੀ ਮੰਨਿਆ ਹੈ । ਇਕ ਥਾਂ ਆਪ ਲਿਖਦੇ ਹਨ ।

Education to be completed, must be human. It includes not only the training of the intellect, but also the refinement of the heart and discipline of the Spirit"

ਇਕ ਅਧਿਆਪਕ ਹਰ ਤਰ੍ਹਾਂ ਦੀ ਸੰਗਤ ਵਿਚੋਂ ਚੰਗੇ ਗੁਣ ਹੀ ਗ੍ਰਹਿਣ ਕਰਦਾ ਹੈ । ਭਾਵੇਂ ਉਹ ਹਰ ਤਰ੍ਹਾਂ ਦੀ ਸੰਗਤ ਵਿਚ ਵਿਚਰਦਾ ਹੈ । ਪਰ ਯਤਨ ਕਰਕੇ ਵੀ ਇਕ ਅਧਿਆਪਕ ਹਰ ਵੇਲੇ ਉਤਮ ਹੋਣ ਦਾ ਯਤਨ ਕਰਦਾ ਹੈ ।

'ਊਤਮੁ ਸੰਗਤਿ ਊਤਮੁ ਹੋਵੈ'

ਦੇ ਸੁਝਾ ਅਨੁਸਾਰ ਉਹ ਚੰਗੀਆਂ ਪੁਸਤਕਾਂ, ਚੰਗੇ ਮਨੁਖਾਂ ਦੀ ਸੰਗਤ ਰਾਹੀਂ ਸਦਾ ਚੰਗੇ ਬਣ ਕੇ ਵੀ ਉਸ ਦਾ ਨਿਸ਼ਾਨਾ ਆਪਣੇ ਵਿਚੋਂ ਔਗੁਣ ਘਟਾ ਕੇ ਗੁਣ ਇਕੱਤਰ ਕਰਨਾ ਹੀ ਹੁੰਦਾ ਹੈ । ਪੜ੍ਹਦਾ ਪੜ੍ਹਾਉਂਦਾ ਸੁਸਾਇਟੀ ਵਿਚ ਵਿਚਰਦਾ ਗੁਰੂ ਜੀ ਦੀ ਇਹ ਤੁਕ—

'ਗੁਣ ਕਉ ਧਾਵੈ, ਅਉਗੁਣ ਧੋਵੈ'

ਨੂੰ ਸਦਾ ਯਾਦ ਰਖਦਾ ਹੈ । ਚੰਗੇ ਗੁਣਾਂ ਨੂੰ ਰੋਜ਼ਾਨਾ ਜੀਵਨ ਵਿਚ ਲਿਆਉਣਾ ਤੇ ਆਪਣੇ ਔਗੁਣ ਘਟਾਉਣਾ ਉਸ ਦਾ ਜੀਵਨ ਇਸ਼ਕ ਬਣ ਗਿਆ ਹੁੰਦਾ ਹੈ । ਇਉਂ ਬਾਬੇ ਨਾਨਕ ਨੇ ਅਧਿਆਪਕ ਅਤੇ ਵਿਦਿਆਰਥੀ ਸ਼ਰੇਣੀ ਨੂੰ ਦਇਆਵਾਨ, ਸੰਤੋਖੀ, ਸੁਚੇ ਆਚਰਣ ਤੇ ਸੱਚ ਦੇ ਧਾਰਨੀ ਹੋਣ ਦਾ ਸੁਨੇਹਾ ਦਿਤਾ । ਜੇ ਸਾਰੇ ਸੰਸਾਰ ਦੀ ਅਧਿਆਪਕ ਸ਼ਰੇਣੀ ਬਾਬੇ ਨਾਨਕ ਦੇ ਸੁਝਾ ਅਨੁਸਾਰ ਆਪ ਗੁਣਵਾਨ ਬਣਨ ਅਤੇ ਆਪਣੇ ਵਿਦਿਆਰਥੀਆਂ ਨੂੰ ਗੁਣਵਾਨ ਬਣਾਉਣ ਦਾ ਨਿਸਚਾ ਧਾਰ ਲਵੇ ਤਾਂ ਸਾਰੇ ਸੰਸਾਰ ਵਿਚੋਂ ਝੂਠ, ਫਰੇਬ, ਭਰਿਸ਼ਟਾਚਾਰ ਤੇ ਮਾਨਸਿਕ ਅਸ਼ਾਂਤੀ ਥੋੜ੍ਹੇ ਸਮੇਂ ਵਿਚ ਹੀ ਖਤਮ ਕੀਤੀ ਜਾ ਸਕਦੀ ਹੈ ।

(ਚਲਦਾ)



www.AKJ.Org

# ਅਰਦਾਸ

*ਪ੍ਰਿੰਸੀਪਲ ਕੁਲਦੀਪ ਕੌਰ ਜੀ,*
**M. A. Med.**

ਸਿੱਖ ਸਿਧਾਂਤਾਂ ਅਨੁਸਾਰ ਅਰਦਾਸ ਦੀ ਬਹੁਤ ਮਹਾਨਤਾ ਹੈ। ਖੁਸ਼ੀ ਦਾ ਅਵਸਰ ਹੋਵੇ ਜਾਂ ਗ਼ਮੀ ਦਾ ਦੁਖ ਹੋਵੇ ਜਾਂ ਸੁੱਖ, ਸਿੱਖ ਲਈ ਦੋ ਹਥ ਜੋੜ ਅਕਾਲ ਪੁਰਖ ਅਗੇ ਅਰਦਾਸ ਕਰਨੀ ਜ਼ਰੂਰੀ ਹੈ । ਖੁਸ਼ੀ ਸਮੇਂ ਉਸ ਦੀਆਂ ਬਖਸ਼ਿਸ਼ਾਂ ਚੇਤੇ ਕਰ ਕੇ ਸ਼ੁਕਰਾਨਾ ਕਰਨਾ ਹੁੰਦਾ ਹੈ ਔਕੜ ਦੇ ਸਮੇਂ ਉਸ ਕੋਲੋਂ ਭਾਣਾ ਮੰਨਣ ਲਈ ਸ਼ਕਤੀ ਦੀ ਮੰਗ ਕਰਨੀ ਹੁੰਦੀ ਹੈ। ਆਪ-ਣੀਆਂ ਭੁਲਾਂ ਬਖਸ਼ਾਉਣ ਲਈ ਤੇ ਹਰ ਤਰ੍ਹਾਂ ਦੀਆਂ ਇਛਾਵਾਂ ਦੀ ਪੂਰਤੀ ਲਈ ਵੀ ਅਰਦਾਸ ਕੀਤੀ ਜਾਂਦੀ ਹੈ। ਮਹਾਨ ਕੋਸ਼ ਦੇ ਕਰਤਾ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਦੇ ਵਿਚਾਰ ਅਨੁਸਾਰ ਮੁਰਾਦ ਮੰਗਣ ਦੀ ਕਿਰਿਆ ਨੂੰ ਅਰਦਾਸ ਕਹਿੰਦੇ ਹਨ। ਇਸ ਦਾ ਫ਼ਾਰਸੀ ਮੂਲ 'ਅਰਜ਼ ਦਾਸ਼ਤ' ਹੈ ਜਿਸ ਤੋਂ ਸਪਸ਼ਟ ਹੈ ਕਿ 'ਅਰਜ਼ ਜਾਂ ਬਿਨੈ' ਅਰਦਾਸ ਦਾ ਮੁਖ ਲਛਣ ਹੈ। ਅਰਦਾਸ ਕਦੋਂ ਕਿਸ ਅਗੇ ਅਤੇ ਕਿਵੇਂ ਕੀਤੀ ਜਾਵੇ ? ਇਸ ਸਬੰਧੀ ਆਪ ਨੇ ਦਸਿਆ ਹੈ ਕਿ "ਸਿੱਖ ਧਰਮ ਵਿਚ ਨਿਤ ਨੇਮ ਦੀ ਬਾਣੀ ਦਾ ਪਾਠ ਕਰਕੇ ਤੇ ਹੋਰ ਅਨੇਕ ਕਾਰਜਾਂ ਦੀ ਪੂਰਤੀ ਲਈ ਅਰਦਾਸ ਕੀਤੀ ਜਾਂਦੀ ਹੈ। ਕੇਵਲ ਕਰਤਾਰ ਅਗੇ ਅਰ-ਦਾਸ ਕਰਨੀ ਵਿਧਾਨ ਹੈ ਅਤੇ ਅਰਦਾਸ ਕਰਨ ਵੇਲੇ ਦੋਵੇਂ ਹਥ ਜੋੜ ਕੇ ਖੜੇ ਹੋਣ ਦੀ ਆਗਿਆ ਹੈ।"

ਅਰਦਾਸ ਜਿਸ ਨੂੰ ਪ੍ਰਾਰਥਨਾ ਜਾਂ Pra er ਵੀ ਕਹਿੰਦੇ ਹਨ, ਸੰਸਾਰ ਵਿਚ ਧਰਮ ਦੀ ਹੋਂਦ ਦਾ ਪ੍ਰਤਖ ਸਬੂਤ ਹੈ। ਇਸ ਦੀ ਪਰਿਭਾਸ਼ਾ ਦਸ-ਦਿਆਂ ਹੋਇਆਂ ਲਗ ਭਗ ਸਾਰੇ ਵਿਦਵਾਨਾਂ ਨੇ ਇਕੋ ਜਹੇ ਵਿਚਾਰ ਹੀ ਪ੍ਰਗਟ ਕੀਤੇ ਹਨ। ਨਾਗਰੀ ਪ੍ਰਚਾਰਣੀ ਸਭਾ, ਕਾਂਸ਼ੀ ਵਲੋਂ ਛਪੇ ਸੰਖਸ਼ਿਪਤ ਹਿੰਦੀ ਸ਼ਬਦ ਸਾਗਰ' ਵਿਚ ਪ੍ਰਾਰਥਨਾ ਦੇ ਅਰਥ ਦਿਤੇ ਗਏ ਹਨ : ਬਿਨਤੀ, ਬਿਨਯ ਨਿਵੇਦਨ, ਕਿਸੇ ਕੋਲੋਂ ਕੁਝ ਮੰਗਣਾ, ਯਾਚਨਾ। ਸ੍ਰੀ ਰਾਮ ਚੰਦਰ ਸ਼ੁਕਲ ਨੇ 'ਭਾਸ਼ਾ ਸ਼ਬਦ ਕੋਸ਼' ਵਿਚ ਵੀ ਉਪਰੋਕਤ ਭਾਂਤ ਦੇ ਅਰਥ ਹੀ ਦਿਤੇ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਰਜ਼ ਦਾਸ਼ਤ ਜਾਂ ਪ੍ਰਾਰਥਨਾ ਦਾ ਮੂਲ ਵਿਸ਼ਾ ਇਕੋ ਹੀ ਹੈ ਅਤੇ ਉਹ ਹੈ ਮੰਗ ਮੰਗਣੀ।

ਪਛਮ ਦੇ ਧਾਰਮਕ ਸਿਧਾਤਾਂ ਅਨੁਸਾਰ Prayer ਦੀ ਦੋ ਤਰ੍ਹਾਂ ਨਾਲ ਵਿਆਖਿਆ ਕੀਤੀ ਜਾਂਦੀ ਹੈ। "ਵਿਸ਼ਾਲ ਅਰਥਾਂ ਵਿਚ ਇਹ ਇਕ ਧਾਰਮਿਕ ਕ੍ਰਿਆ ਹੈ ਜਿਸਦਾ ਪ੍ਰਮਾਣਿਕ ਭਾਵ ਹੈ : ਆਪਣੇ ਹਿਰਦੇ ਨੂੰ ਉੱਚਾ ਉਠਾ ਕੇ ਈਸ਼ੂਰ ਵੱਲ ਲਿਜਾਣਾ ਜਾਂ ਈਸ਼ੂਰ ਨੂੰ ਸੰਬੋਧਨ ਕਰਕੇ



www.AKJ.Org

ਉਸ ਨਾਲ ਗੱਲਾਂ ਕਰਨੀਆਂ। ਸੀਮਿਤ **ਅਰਥਾਂ** ਵਿਚ ਪ੍ਰਾਰਥਨਾ ਦਾ ਭਾਵ ਹੈ ਈਸ਼੍ਵਰ ਕੋਲੋਂ ਮੰਗ ਮੰਗਣੀ।" (Collier's **EncycloPedia**, Vol. 15, ਪੰਨਾ 679)

ਪ੍ਰਾਰਥਨਾ ਤੋਂ ਭਾਵ ਲਏ ਜਾਂਦੇ ਹਨ: **ਈਸ਼੍ਵਰ** ਨੂੰ ਸੰਬੋਧਨ ਕਰਨ ਦੀ ਕ੍ਰਿਆ ਅਤੇ ਈਸ਼੍ਵਰ ਨੂੰ ਸੰਬੋਧਨ ਕਰਨ ਲਈ ਵਰਤੇ ਜਾਣ ਵਾਲੇ ਸ਼ਬਦ। ਇਹ ਸ਼ਬਦ ਨਿਸ਼ਚਿਤ ਵੀ ਹੋ ਸਕਦੇ ਹਨ ਅਤੇ ਸਹਿਜ ਸੁਭਾ ਉਚਾਰਣ ਕੀਤੇ ਜਾਣ ਵਾਲੇ ਵੀ। ਦੋਹਾਂ ਤਰ੍ਹਾਂ ਦੇ ਇਹ ਸ਼ਬਦ, ਜੋ ਸਮੂਹਕ ਤੇ ਨਿਜੀ ਰੂਪ ਦੀ ਪ੍ਰਾਰਥਨਾ ਸਮੇਂ ਵਰਤੇ ਜਾਂਦੇ ਹਨ, ਇਕ ਦੂਜੇ ਦੇ ਉਲਟ ਨਹੀਂ ਹੁੰਦੇ ਸਗੋਂ ਅਕਸਰ ਇਹ ਦੋਵੇਂ ਮਿਲਕੇ ਹੀ ਭਾਵਾਂ ਨੂੰ ਸੰਪੂਰਣਤਾ ਪ੍ਰਦਾਨ ਕਰਦੇ ਹਨ।' (EncycloPedia Americana, Vol. 22, P. 515)

ਅਰਦਾਸ ਪ੍ਰਾਰਥਨਾ ਅਤੇ Prayer ਦੇ ਭਿੰਨ ਭਿੰਨ ਕੋਸ਼ਾਂ ਅਨੁਸਾਰ ਦਿੱਤੇ ਉਪਰੋਕਤ ਅਰਥਾਂ ਤੋਂ ਸਪਸ਼ਟ ਹੈ ਕਿ ਸਾਧਾਰਣ ਸ਼ਬਦਾਂ ਵਿਚ ਕਿਸੇ ਪਰਾ-ਸਰੀਰਕ ਸ਼ਕਤੀ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਅਤੇ ਆਪਣੀ ਕਿਸੇ ਖਾਸ ਇਛਾ ਦੀ ਪੂਰਤੀ ਲਈ ਉਸ ਅੱਗੇ ਬੇਨਤੀ ਕਰਨ ਨੂੰ ਪ੍ਰਾਰਥਨਾ ਜਾਂ ਅਰਦਾਸ ਕਹਿੰਦੇ ਹਨ। ਪ੍ਰਾਰਥਨਾ ਸਮੇਂ ਜੀਵ ਉਸ ਦੇ ਗੁਣਾਂ ਦਾ ਗਾਇਨ ਕਰਦਾ ਹੈ, ਉਸ ਦੀਆਂ ਦਿਤੀਆਂ ਦਾਤਾਂ ਨੂੰ ਚੇਤੇ ਕਰਕੇ ਸ਼ੁਕਰਾਨੇ ਦੀ ਅਵਸਥਾ ਵਿਚ ਆਉਂਦਾ ਹੈ. ਉਸ ਨਾਲ ਆਂਤ੍ਰਿਕ ਸਬੰਧ ਸਥਾਪਤ ਕਰਕੇ ਅਭੇਦਤਾ ਦੀ ਦਸ਼ਾ ਵਿਚ ਜਾਣ ਦੇ ਯਤਨ ਕਰਦਾ ਹੈ ਅਤੇ ਨਾਲ ਹੀ ਉਸ ਅਗੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਬੇਨਤੀਆਂ ਕਰਦਾ ਹੈ। ਪ੍ਰਾਰਥਨਾ ਦੀ ਸਹਾਇਤਾ ਨਾਲ ਮਹਾਨ ਸੱਤਾ ਨਾਲ ਆਤਮਿਕ ਸਬੰਧ ਸਥਾਪਤ ਕੀਤੇ ਜਾਂਦੇ ਹਨ ਅਤੇ ਨਾਲ ਹੀ ਉਸ ਪ੍ਰਤੀ ਆਪਣੀ ਸ਼ਰਧਾ ਤੇ ਸਤਿਕਾਰ-ਭਾਵਨਾ ਦਾ ਪ੍ਰਗਟਾ ਕੀਤਾ ਜਾਂਦਾ ਹੈ।

ਇਸ ਸੱਤਾ ਨੂੰ ਕਈ ਨਾਵਾਂ ਨਾਲ ਪੁਕਾ-ਰਿਆ ਜਾਂਦਾ ਹੈ ਅਤੇ ਭਿੰਨ ਭਿੰਨ ਵਿਧੀਆਂ ਰਾਹੀਂ ਉਸ ਅਗੇ ਪ੍ਰਾਰਥਨਾ ਕੀਤੀ ਜਾਂਦੀ ਹੈ। ਪ੍ਰਾਰਥਨਾ ਦੀ ਭਾਵਨਾ ਮਨੁਖੀ ਸੁਭਾ ਵਿਚ ਇੰਨੀ ਪ੍ਰਬਲ ਹੈ ਕਿ ਜਿਹੜੇ ਮਤ ਸਿਧਾਂਤਕ ਪੱਖ ਤੋਂ ਅਨੀਸ਼੍ਵਰ-ਵਾਦੀ ਮੰਨੇ ਜਾਂਦੇ ਹਨ, ਉਨ੍ਹਾਂ ਦੇ ਅਨੁਯਾਈ ਵੀ ਅਰਦਾਸ ਦੀ ਸ਼ਕਤੀ ਨੂੰ ਅਨੁਭਵ ਕਰਨੋਂ ਨਹੀਂ ਰਹਿ ਸਕੇ। ਉਦਾਹਰਣ ਦੇ ਤੌਰ ਤੇ ਬੁੱਧ ਮਤ ਅਨੁਸਾਰ ਸੰਸਾਰ ਦਾ ਰਚਨਹਾਰ ਕੋਈ ਨਹੀਂ, ਅਤੇ ਨਾ ਹੀ ਕੋਈ ਇਸਦਾ ਪ੍ਰਬੰਧ ਕਰਨ ਵਾਲਾ ਹੈ। ਮਹਾਤਮਾ ਬੁੱਧ ਨੇ ਧਾਰਮਿਕ ਤੇ ਨੈਤਿਕ ਆਦਰਸ਼ਾਂ ਦੀ ਸੰਪੂਰਣਤਾ ਦਾ ਨਿਰਭਰ ਸ੍ਵੈ ਪੂਰ-ਣਤਾ ਤੇ ਦਸਿਆ, ਇਸ ਲਈ ਇਸ ਮੱਤ ਅਨੁਸਾਰ ਪ੍ਰਾਰਥਨਾ ਦਾ ਕੋਈ ਮਹੱਤਵ ਨਹੀਂ ਸਮਝਿਆ ਜਾਂਦਾ। ਪਰ ਕਿਉਂਕਿ ਬੁੱਧ ਮਤ ਦਾ ਪ੍ਰਚਾਰ ਮਹਾਤਮਾ ਬੁੱਧ ਦੇ ਚੋਲਾ ਤਿਆਗਣ ਤੋਂ ਪਿਛੋਂ ਹੀ ਕੀਤਾ ਗਿਆ ਅਤੇ ਉਸ ਸਮੇਂ ਤਕ ਬੋਧੀ ਭਿਕਸ਼ੂਆਂ ਨੇ ਉਸ ਨਾਲ ਆਪਣਾ ਸਬੰਧ ਗੁਰੂ ਤੇ ਚੇਲੇ ਵਾਲਾ ਸਥਾਪਤ ਕਰ ਲਿਆ ਸੀ, ਇਸ ਲਈ ਉਹ 'ਬੁੱਧ' ਦੀ ਪ੍ਰਾਪਤੀ ਲਈ ਮਹਾਤਮਾ ਬੁੱਧ ਅਗੇ ਪ੍ਰਾਰਥਨਾ ਕਰਨ ਲਗ ਪਏ ਸਨ। ਮਹਾਤਮਾ ਬੁੱਧ ਨੂੰ ਕੇਵਲ ਸੰਪੂਰਣ ਸ਼ਖਸੀਅਤ ਹੀ ਨਹੀਂ ਸੀ ਸਮਝਿਆ ਜਾਂਦਾ ਸਗੋਂ ਉਸ ਨੂੰ 'ਧਰਮ ਕਾਇਆਂ'



www.AKJ.Org

(Embodiment of universal Truth) ਆਖਿਆ ਜਾਂਦਾ ਸੀ। ਸੱਚ ਦੀ ਪ੍ਰਾਪਤੀ ਲਈ ਭਿਕਸ਼ੂ ਕਈ ਤਰ੍ਹਾਂ ਦੇ ਪ੍ਰਣ ਤੇ ਪ੍ਰਾਰਥਨਾਵਾਂ ਕਰਦੇ ਸਨ। ਇਸ ਪ੍ਰਾਰਥਨਾ ਨੂੰ ਸੰਸਕ੍ਰਿਤ ਵਿਚ 'ਪ੍ਰਾਨੀ ਧਾਨ' ਪਾਲੀ ਵਿਚ 'ਪਾਨੀ ਧਾਨ' ਕਿਹਾ ਜਾਂਦਾ ਸੀ। ਪਾਲੀ ਗ੍ਰੰਥਾਂ ਵਿਚ 'ਪਾਨੀ ਧਾਨ' ਦਾ ਭਾਵ ਹੈ ਮਨ ਨੂੰ ਪ੍ਰਜਲਿਤ ਕਰਨ ਵਾਲੀ ਕਿਸੇ ਵਸਤੂ ਜਾਂ ਵਿਚਾਰ ਉਤੇ ਚਿਤ ਬ੍ਰਿਤੀਆਂ ਨੂੰ ਇਕਾਗਰ ਕਰਕੇ ਸਹਿਜ ਅਵਸਥਾ ਵਿਚ ਲਿਆਉਣਾ।

ਜੈਨੀ ਵੀ ਕਿਸੇ ਅਦਿੱਖ ਸ਼ਕਤੀ ਅਗੇ ਬੇਨਤੀ ਨਹੀਂ ਕਰਦੇ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕਰਮਾਂ ਦਾ ਫਲ ਅਵੱਸ਼ ਹੀ ਭੋਗਣਾ ਪੈਂਦਾ ਹੈ। ਜੇ ਦੁੱਖ ਸੁੱਖ ਲਿਖੇ ਕਰਮਾਂ ਅਨੁਸਾਰ ਹੀ ਮਿਲਣੇ ਹਨ ਤਾਂ ਅਰਜੋਈਆਂ ਕਰਨ ਦਾ ਕੀ ਲਾਭ? ਬੁੱਧ ਮਤ ਵਾਂਗ ਜੈਨ ਮਤ ਵੀ ਅਨੀਸ਼੍ਵਰਵਾਦੀ ਮਤ ਹੈ। ਇਸੇ ਲਈ ਇਸ ਮਤ ਦੀ ਸਿਧਾਂਤਕ ਫ਼ਿਲਾਸਫ਼ੀ ਵਿਚ ਪ੍ਰਾਰਰਥਨਾ ਨੂੰ ਕੋਈ ਸਥਾਨ ਨਹੀਂ ਦਿਤਾ ਗਿਆ ਕਿ ਕਿਤੇ ਲੋਕੀ ਈਸ਼੍ਵਰਵਾਦੀ ਨਾ ਬਣ ਜਾਣ। ਪਰ ਇੰਨਾ ਕੁਝ ਹੁੰਦਿਆਂ ਹੋਇਆਂ ਵੀ ਵਾਤਾਵਰਣ ਤੋਂ ਪ੍ਰਭਾਵਤ ਹੋਣ ਕਰਕੇ ਜੈਨੀ ਵੀ ਪ੍ਰਾਰਥਨਾ ਦੀ ਵਰਤੋਂ ਕਰਨ ਲਗ ਪਏ ਹਨ।

ਯੂਨਾਨੀ ਫ਼ਿਲਾਸਫ਼ਰ ਪਲੈਟੋ ਨੇ ਪ੍ਰਾਈਵੇਟ ਪੂਜਾ ਸਥਾਨ ਬਣਾਉਣ ਅਤੇ ਧਾਰਮਿਕ ਰੀਤੀ ਰਿਵਾਜ ਪੂਰੇ ਕਰਨ ਦੀ ਮਨਾਹੀ ਕੀਤੀ ਹੋਈ ਸੀ ਪਰ ਪ੍ਰਾਥਥਨਾ ਦੀ ਮਹਾਨਤਾ ਨੂੰ ਉਹ ਵੀ ਅਖੋਂ ਉਹਲੇ ਨਹੀਂ ਸੀ ਕਰ ਸਕਿਆ। ਇਸੇ ਲਈ ਉਸ ਨੇ ਆਖਿਆ ਸੀ ਤ੍ਰਿ ਲੋਕ ਪ੍ਰਾਰਥਨਾ ਕਰਨ ਲਈ ਮੰਦਰਾਂ ਵਿਚ ਜਾ ਸਕਦੇ ਹਨ ਅਤੇ ਹੋਰ ਜਿਹੜਾ ਵੀ ਉਨ੍ਹਾਂ ਨਾਲ ਸ਼ਾਮਿਲ ਹੋਣਾ ਚਾਹੇ, ਹੋ ਸਕਦਾ ਹੈ।

ਸੰਖੇਪ ਵਿਚ, ਪ੍ਰਾਰਥਨਾ ਇਕ ਅਜੇਹੀ ਪ੍ਰਕ੍ਰਿਆ ਹੈ ਜਿਸਦੀ ਮਹਾਨਤਾ ਨੂੰ ਸੰਸਾਰ ਦੇ ਸਾਰੇ ਧਾਰਮਿਕ ਆਗੂਆਂ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਅਨੁਭਵ ਕੀਤਾ ਅਤੇ ਪ੍ਰਗਟਾਇਆ ਹੈ। ਵਾਸਤਵ ਵਿਚ ਇਹ ਮਨੁੱਖ ਦਾ ਯੁਕਤੀ ਪੂਰਣ, ਲਾਭਦਾਇਕ ਤੇ ਸੁਭਾਵਿਕ ਕਰਤੱਵ ਹੈ ਅਤੇ ਹੋਰ ਕਰਤੱਵਾਂ ਵਾਂਗ ਇਸਦੀ ਪੂਰਤੀ ਕਰਨੀ ਵੀ ਜ਼ਰੂਰੀ ਹੈ। ਇਹੋ ਕਾਰਣ ਹੈ ਕਿ ਮਨੁੱਖਤਾ ਦੇ ਬਚਪਨ ਤੋਂ ਹੀ ਪ੍ਰਾਰਥਨਾ ਕਰਨ ਵਲ ਧਿਆਨ ਜਾਣ ਲਗ ਪਿਆ ਸੀ। ਆਰੰਭ ਵਿਚ ਖ਼ਾਸ ਖ਼ਾਸ ਦੇਵਤਿਆਂ ਅੱਗੇ ਖ਼ਾਸ ਖ਼ਾਸ ਮਨੋਰਥਾਂ ਦੀ ਪੂਰਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਸੀ। ਇਹ ਖਿਆਲ ਕੀਤਾ ਜਾਂਦਾ ਸੀ ਕਿ ਮਨੁੱਖ ਦੇ ਭਿੰਨ ਭਿੰਨ ਜੀਵਨ-ਖੇਤਰ ਵਿਚ ਉਸਦੀ ਸਹਾਇਤਾ ਕਰਨ ਵਾਲੀਆਂ ਸ਼ਕਤੀਆਂ ਭਿੰਨ ਭਿੰਨ ਹਨ। ਕੋਈ ਦੇਵਤਾ ਬਿਮਾਰੀ ਦੂਰ ਕਰਦਾ ਹੈ, ਕੋਈ ਭੂਤ ਪ੍ਰੇਤ ਵਸ ਵਿਚ ਕਰਦਾ ਹੈ ਅਤੇ ਕੋਈ ਮਾਇਆ ਪ੍ਰਾਪਤੀ ਵਿਚ ਸਹਾਇਤਾ ਕਰਦਾ ਹੈ। ਸੋ ਜਿਸ ਪ੍ਰਕਾਰ ਦੀ ਜਿਸ ਸਮੇਂ ਲੋੜ ਹੁੰਦੀ ਸੀ, ਉਸੇ ਅਨੁਸਾਰ ਹੀ ਦੇਵਤੇ ਦੀ ਚੋਣ ਕਰਕੇ ਉਸ ਅੱਗੇ ਬੇਨਤੀ ਜਾਂ ਯਾਚਨਾ ਕੀਤੀ ਜਾਂਦੀ ਸੀ। ਬੇਨਤੀ ਕਰਨ ਦਾ ਅਧਿਕਾਰ ਵੀ ਹਰ ਇਕ ਨੂੰ ਨਹੀਂ ਸੀ ਹੁੰਦਾ, ਕਿਉਂਕਿ ਆਮ ਮਨੁੱਖ ਦੀ ਇੰਨੀ ਜਾਣਕਾਰੀ ਨਹੀਂ ਸੀ ਹੁੰਦੀ ਕਿ ਕਿਸ ਦੇਵਤੇ ਕੋਲ ਕਿਹੜੀਆਂ ਸ਼ਕਤੀਆਂ ਹਨ। ਪੁਰੋਹਿਤ ਜਾਂ



www.AKJ.Org

ਪਾਦਰੀ ਸ਼੍ਰੇਣੀ ਦੇ ਲੋਕਾਂ ਕੋਲ ਹੀ ਇਸ ਪਕਾਰ ਦਾ ਗਿਆਨ-ਭੰਡਾਰ ਹੁੰਦਾ ਸੀ। ਸੋ ਜਦੋਂ ਵੀ ਬੇਨਤੀ ਕਰਨ ਦਾ ਕੋਈ ਵਿਸ਼ੇਸ਼ ਅਵਸਰ ਹੁੰਦਾ ਸੀ, ਤਾਂ ਉਪਰੋਕਤ ਸ਼੍ਰੇਣੀ ਦੇ ਕਿਸੇ ਵਿਅਕਤੀ ਨੂੰ ਨਿਮੰਤ੍ਰਿਤ ਕੀਤਾ ਜਾਂਦਾ ਸੀ, ਅਤੇ ਇਹ ਕਾਰਜ ਕਰਵਾਉਣ ਤੇ ਉਸ ਨੂੰ ਕੁਝ ਨਾ ਕੁਝ ਅਵੱਸ਼ ਹੀ ਭੇਟ ਕੀਤਾ ਜਾਂਦਾ ਸੀ। ਸਮਾਂ ਪਾ ਕੇ ਅਨੇਕ ਦੇਵ ਪੂਜਾ ਦੀ ਥਾਂ ਇਕ ਮਹਾਨ ਸੱਤਾ ਅਗੇ ਪ੍ਰਾਰਥਨਾ ਕੀਤੀ ਜਾਣ ਲਗ ਪਈ। ਇਸ ਮਹਾਨ ਸੱਤਾ ਨੂੰ ਵਖੋ ਵਖ ਧਰਮਾਂ ਵਾਲਿਆਂ ਨ ਵਖੋ ਵਖ ਰੂਪਾਂ ਵਿਚ ਵੇਖਿਆ। ਕੋਈ ਯਸੂਹ ਅਗੇ ਬੇਨਤੀਆਂ ਕਰਦਾ, ਕੋਈ ਰਾਮ ਤੇ ਕ੍ਰਿਸ਼ਨ ਅਗੇ। ਕਿਸੇ ਹੋਰ ਨੇ ਹਜ਼ਰਤ ਮੁਹੰਮਦ ਦੀ ਓਟ ਲੈ ਲਈ। ਪਰ ਅਦਿੱਖ ਸ਼ਕਤੀ ਦੇ ਇਨ੍ਹਾਂ ਸ਼ਖਸੀ ਰੂਪਾਂ ਤੋਂ ਉਪਰੰਤ ਲਗ ਭਗ ਸਾਰੇ ਧਰਮਾਂ ਨੇ 'ਇਕ ਸੱਤਾ' ਅਰਥਾਤ ਈਸ਼੍ਵਰ ਦੀ ਹੋਂਦ ਨੂੰ ਵੀ ਸ੍ਵੀਕਾਰ ਕੀਤਾ ਹੈ, ਭਾਵੇਂ ਉਸਦਾ ਨਾਮ ਕੁਝ ਵੀ ਕਿਉਂ ਨਾ ਰਖ ਲਿਆ ਹੋਵੇ।

ਜਿਸ ਤਰ੍ਹਾਂ ਈਸ਼੍ਵਰ ਨੂੰ ਭਿੰਨ ਭਿੰਨ ਰੂਪਾਂ ਵਿਚ ਪ੍ਰਤੀਤ ਕੀਤਾ ਗਿਆ ਹੈ ਅਤੇ ਉਸਦੇ ਨਾਮ ਵੀ ਵਖੋ ਵਖਰੇ ਹੀ ਨਿਸ਼ਚਿਤ ਕੀਤੇ ਗਏ ਹਨ, ਉਸੇ ਤਰ੍ਹਾਂ ਈਸ਼੍ਵਰ ਅਗੇ ਪ੍ਰਾਰਥਨਾ ਕਰਨ ਦੇ ਢੰਗ ਤੇ ਨੇਮ ਵੀ ਅੱਡੋ ਅੱਡਰੇ ਹਨ। ਯਹੂਦੀ ਪ੍ਰਾਰਥਨਾ ਨੂੰ ਵਿਅਕਤੀਗਤ ਰੂਪ ਹੀ ਦੇਂਦੇ ਹਨ। ਹਰੇਕ ਵਿਅਕਤੀ, ਆਪਣੇ ਲਈ ਪ੍ਰਾਈਵੇਟ ਤੌਰ ਤੇ ਆਪ ਪ੍ਰਾਰਥਨਾ ਕਰ ਸਕਦਾ ਹੈ, ਪਰੰਤੂ ਪੂਜਾ ਕਰਨ ਲਈ ਉਹ ਬਹੁਤ ਸਾਰੇ ਇਕੱਠੇ ਹੋ ਜਾਂਦੇ ਹਨ। ਇਸਲਾਮੀ ਰਵਾਇਤਾਂ ਅਨੁਸਾਰ ਨਿੱਜੀ ਤੇ ਪ੍ਰਾਈਵੇਟ ਪ੍ਰਾਰਥਨਾ ਦਿਨ ਵਿਚ ਪੰਜ ਵਾਰੀ ਕੀਤੀ ਜਾਂਦੀ ਹੈ, ਪਰ ਜਨਤਕ ਇਕੱਠ ਵਿਚ ਸਾਰਿਆਂ ਲਈ ਪ੍ਰਾਰਥਨਾ ਕਿਰਨ ਵਾਸਤੇ ਸ਼ੁਕਰਵਾਰ ਦਾ ਦਿਨ ਨਿਯਤ ਕੀਤਾ ਹੋਇਆ ਹੈ। ਇਸਲਾਮ ਦੇ ਅਰੰਭ ਤੋਂ ਹੀ ਇਕ ਰਸਮੀ ਪ੍ਰਾਰਥਨਾ ਚਲੀ ਆ ਰਹੀ ਹੈ ਜਿਸ ਨੂੰ 'ਸਲਾਤ' ਕਹਿੰਦੇ ਹਨ। ਸਲਾਤ ਸਮੇਂ ਪ੍ਰਾਰਥਕ ਇਕ ਵਿਸ਼ੇਸ਼ ਪ੍ਰਕਾਰ ਦੀ ਪਵਿੱਤ੍ਰ ਮਾਨਸਿਕ ਅਵਸਥਾ ਵਿਚ ਹੁੰਦਾ ਹੈ ਜਿਸ ਨੂੰ 'ਇਹਰਾਮ' ਦੀ ਅਵਸਥਾ ਕਿਹਾ ਜਾਂਦਾ ਹੈ। ਪ੍ਰਾਰਥਕ ਜਾਂ ਅਰਦਾਸੀਏ ਨੂੰ ਇਸ ਸਮੇਂ, ਵਿਸ਼ੇਸ਼ ਕਰਕੇ ਜੇ ਉਹ ਇਸਤ੍ਰੀ ਹੋਵੇ ਤਾਂ, ਆਪਣਾ ਸਾਰਾ ਸਰੀਰ ਕੱਜਣਾ ਪੈਂਦਾ ਹੈ ਤਾਂ ਜੋ ਉਹ ਮੈਲੀਆਂ ਨਜ਼ਰਾਂ ਤੋਂ ਬਚਿਆ ਰਹਿ ਸਕੇ। ਉਸਦੇ ਚਿਹਰੇ ਅਤੇ ਹੱਥਾਂ ਤੋਂ ਬਿਨਾਂ ਉਸਦਾ ਹੋਰ ਕੋਈ ਅੰਗ ਵੀ ਅਣ-ਕੱਜਿਆ ਨਹੀਂ ਹੁੰਦਾ ਅਤੇ ਉਹ ਹਰ ਤਕਬੀਰ ਸਮੇਂ ਹੱਥ ਉਚੇ ਕਰਦਾ ਹੈ।

ਇਹ ਠੀਕ ਹੈ ਸਾਰੇ ਧਰਮਾਂ ਵਿਚ ਪ੍ਰਾਰਥਨਾ ਜਾਂ Prayer ਦੀ ਬੜੀ ਵਿਸੇਸ਼ਤਾ ਅਨੁਭਵ ਕੀਤੀ ਗਈ ਹੈ ਪਰ ਸਿੱਖ ਪੰਥ ਵਿਚ ਅਰਦਾਸ ਦਾ ਜੋ ਸਰੂਪ ਹੈ ਉਹ ਆਪਨੀ ਵਿਸ਼ੇਸ਼ ਵਿਲੱ-ਖਣਤਾ ਰਖਦਾ ਹੈ। ਆਤਮਾ ਦਾ ਪਰਮ ਸੱਤਾ ਨਾਲ ਸਬੰਧ ਜੋੜਨ ਲਈ ਸਿੱਖ ਗੁਰਬਾਣੀ ਪੜ੍ਹਦਾ, ਸੁਣਦਾ ਤੇ ਵਿਚਾਰਦਾ ਹੈ, ਗੁਰਬਾਣੀ ਦੁਆਰਾ ਉਸਦੇ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਸਿਮਰਨ ਅਭਿਆਸ ਵਿਚ ਜੁੜ ਕੇ ਉਸਨੂੰ ਆਪਣੇ ਅੰਦਰ ਵਸਾਉਂਦਾ ਹੈ। ਇਹ ਸਾਰਾ ਕੁਝ ਕਰਦਿਆਂ ਹੋਇਆਂ ਉਹ ਗੁਰਬਾਣੀ ਦੇ ਸ਼ਬਦਾਂ



www.AKJ.Org

ਰਾਹੀਂ ਉਸਦੀ ਉੱਚਤਾ ਤੇ ਆਪਣੀ ਤੁੱਛਤਾ ਦਾ ਵਰਨਣ ਕਰਦਾ ਹੈ ਅਤੇ ਬਾਣੀ ਦੀ ਸਹਾਇਤਾ ਨਾਲ ਹੀ ਉਸ ਕੋਲੋਂ ਭਿੰਨ ਭਿੰਨ ਪ੍ਰਕਾਰ ਦੀਆਂ ਮੰਗਾਂ ਮੰਗਦਾ ਹੈ।

'ਜਪ ਮਨ ਸਤਿਨਾਮ ਸਦਾ ਸਤਿ ਨਾਮ। ਹਲਤਿ ਪਲਤਿ ਮੁਖ ਉਜਲ ਹੋਈ ਹੈ ਨਿਤ ਨਿਤ ਧਿਆਈਐ ਹਰਿ ਪੁਰਖ ਨਿਰੰਜਨਾ।' ਦੇ ਉਪਦੇਸ਼ ਨੂੰ ਉਹ ਆਪਣੇ ਜੀਵਨ ਦਾ ਅੰਗ ਬਣਾਉਂਦਾ ਹੈ। ਇਸ ਤਰ੍ਹਾਂ ਨਾਮ ਜਪਣ, ਚਿਤ ਬ੍ਰਿਤੀਆਂ ਨੂੰ ਇਕਾਗਰ ਕਰਕੇ ਬਾਣੀ ਦਾ ਪਾਠ ਕਰਨ ਜਾਂ ਸੰਗਤ ਵਿਚ ਜੁੜ ਕੇ ਗੁਰਬਾਣੀ ਦੇ ਕੀਰਤਨ ਵਿਚ ਲਿਵ ਜੋੜਨ ਦੀ ਕ੍ਰਿਆ ਨੂੰ ਪ੍ਰਾਰਥਨਾ ਤਾਂ ਕਹਿ ਸਕਦੇ ਹਾਂ, ਇਸ ਨੂੰ Prayer ਦਾ ਨਾਂ ਵੀ ਦਿਤਾ ਜਾ ਸਕਦਾ ਹੈ ਪਰ ਅਰ-ਦਾਸ ਇਕ ਤਕਨੀਕੀ ਸ਼ਬਦ ਹੈ ਜਿਸ ਦੀ ਪਰਿਭਾਸ਼ਾ ਇਸ ਪ੍ਰਕ੍ਰਿਆ ਤੋਂ ਕੁਝ ਸੂਖਮ ਜਿਹੀ ਭਿੰਨਤਾ ਰਖਦੀ ਹੈ। ਸਿਖ ਨਾਮ ਜਪੇ, ਸਿਮਰਣ ਅਭਿਆਸ ਵਿਚ ਲੀਨ ਹੋਵੇ, ਗੁਰਬਾਣੀ ਦਾ ਪਾਠ ਜਾਂ ਕੀਰਤਨ ਕਰੇ ਜਾਂ ਸੁਣੇ। ਗੁਰਮਤ ਸਿਧਾਤਾਂ ਬਾਰੇ ਵਿਚਾਰ ਕਰੇ; ਪਰ ਇਹ ਸਾਰਾ ਕੁਝ ਕਰਨ ਉਪਰੰਤ ਉਸ ਲਈ ਹੁਕਮ ਹੈ ਕਿ—

'ਦੁਇ ਕਰਿ ਜੋੜ ਕਰਹੁ ਅਰਦਾਸ'

'ਤਿਸਹਿ ਅਗੈ ਨਾਨਕਾ ਖਲਹਿ ਕੀਚਹਿ ਅਰਦਾਸ' ਹਥ ਜੋੜ ਕੇ ਗੁਰੂ ਤੇ ਵਾਹਿਗੁਰੂ ਦੀ ਹਜ਼ੂਰੀ ਵਿਚ ਖੜੇ ਹੋਣਾ, ਉਸ ਅਕਾਲ ਪੁਰਖ ਦਾ ਕੋਟਾਨ ਕੋਟ ਧੰਨਵਾਦ ਕਰਨਾ ਜਿਸ ਦੀਆਂ ਮਿਹਰਾਂ ਤੇ ਬਖਸ਼ਿਸ਼ਾਂ ਸਦਕਾ ਉਸ ਨੇ ਆਪਣੇ ਜੀਵਨ ਦਾ ਕੁਝ ਸਮਾਂ ਉਸ ਦੀ ਯਾਦ ਵਿਚ ਬਿਤਾਇਆ, ਗੁਰਬਾਣੀ ਦਾ ਪਾਠ ਤੇ ਗਾਇਨ ਕਰਦਿਆਂ ਹੋਈਆਂ ਭੁੱਲਾਂ ਬਖਸ਼ਾਉਣ ਲਈ ਬੇਨਤੀ ਕਰਨੀ ਅਤੇ ਬਾਣੀ ਦਾ ਭਾਵ ਹਿਰਦੇ ਵਿਚ ਵਸਾਉਣ ਦੀ ਸਮਰਥਾ ਪਰਾਪਤ ਕਰਨ ਲਈ ਜੋਦੜੀਆਂ ਕਰਨੀਆਂ, ਅਗੋਂ ਲਈ ਵੀ ਆਪਣਾ ਸਮਾਂ ਉਸ ਦੀ ਯਾਦ ਵਿਚ ਤ ਸ਼ੁਭ ਕਰਮਾਂ ਵਿਚ ਬਿਤਾਉਣ ਦੀ ਮੰਗ ਮੰਗਣੀ ਆਦਿ ਉਸ ਦੀ ਅਰਦਾਸ ਦੇ ਵਿਸ਼ੇ ਹੁੰਦੇ ਹਨ।

ਅਰਦਾਸ ਨਿੱਜੀ ਵੀ ਹੁੰਦੀ ਹੈ ਤੇ ਸਮੂਹਕ ਵੀ। ਸੰਗਤ ਅਰਦਾਸ ਵਿਚ ਜੁੜਕੇ ਕੀਤੀ ਜਾਣ ਵਾਲੀ ਸਮੂਹਕ ਅਰਦਾਸ ਨੂੰ ਪੰਥ ਦੀ ਸ਼੍ਰੋਮਣੀ ਜੱਥੇ ਬੰਦੀ ਨੇ ਇਕ ਨਿਸ਼ਚਿਤ ਰੂਪ ਦੇ ਦਿੱਤਾ ਹੈ ਜਿਸ ਵਿਚ ਲੋੜ ਅਨੁਸਾਰ ਵਾਧਾ ਘਾਟਾ ਤਾਂ ਕਰ ਲਿਆ ਜਾਂਦਾ ਹੈ ਪਰ ਉਸ ਦੀ ਬਾਹਰਲੀ ਰੂਪ ਰੇਖਾ ਉਹ ਹੀ ਰਹਿੰਦੀ ਹੈ। ਪ੍ਰਿਥਮ ਭਗੌਤੀ ਸਿਮਰਣ ਪਿਛੋਂ ਦਸਾਂ ਗੁਰੂ ਸਾਹਿਬਾਂ ਨੂੰ ਚੇਤੇ ਕਰਕੇ, ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ ਦਾ ਧਿਆਨ ਕਰਨ ਉਪਰੰਤ ਇਤਿਹਾਸਕ ਘਟਨਾਵਾਂ ਨੂੰ ਚੇਤੇ ਕਰ-ਦਿਆਂ ਸ਼ਹੀਦ ਸਿੰਘਾਂ ਸਿੰਘਣੀਆਂ ਦੇ ਕਾਰਨਾਮੇ ਦੁਹਰਾਏ ਜਾਂਦੇ ਹਨ ਤਾਂ ਜੋ ਮਨ ਸਿਦਕ ਤੇ ਭਰੋਸੇ ਵਿਚ ਪਰਿਪੱਕ ਹੋ ਸਕੇ, ਗੁਰਧਾਮਾਂ ਦਾ ਵਰਣਨ ਕਰਕੇ ਗੁਰਮਤ ਦੇ ਪ੍ਰੇਰਕ ਸ੍ਰੋਤਾ ਪ੍ਰਤੀ ਸ਼ਰਧਾ ਭਾਵਨਾ ਨੂੰ ਹੋਰ ਵਧੇਰੇ ਦ੍ਰਿੜ ਕੀਤਾ ਜਾਂਦਾ ਹੈ, ਫਿਰ ਸਰਬੱਤ ਖਾਲਸੇ ਲਈ ਸਿੱਖੀ ਦਾਨ, ਰਹਿਤ ਦਾਨ ਤੇ ਨਾਮ ਦਾਨ ਆਦਿ ਦੀ ਮੰਗ ਕੀਤੀ ਜਾਂਦੀ ਹੈ। ਖਾਲਸਾ ਕੇਵਲ ਸੰਤ ਨਹੀਂ,



www.AKJ.Org

ਸਿਪਾਹੀ ਵੀ ਹੈ,ਉਸ ਨੇ ਕਿਰਤ ਕਰਨੀ ਤੇ ਫਿਰ ਵੰਡ ਕੇ ਛਕਣਾ ਹੁੰਦਾ ਹੈ,ਇਸੇ ਲਈ ਨਾਮ ਦੀ ਦਾਤ ਮੰਗਣ ਦੇ ਨਾਲ ਨਾਲ ਦੇਗ ਤੇ ਤੇਗ ਦੀ ਫਤਹਿ ਲਈ ਅਰਜ਼ੋਈ ਕਰਨੀ ਵੀ ਜ਼ਰੂਰੀ ਹੈ। ਸਿਖ ਅਪਣਾ ਨਹੀਂ ਸਗੋਂ ਸਰਬਤ ਦਾ ਭਲਾ ਮੰਗਦਾ ਹੈ, ਆਪਣੇ ਆਪ ਨੂੰ ਸੰਸਾਰਕ ਵਿਸ਼ਿਆਂ ਤੋਂ ਉੱਚਾ ਰੱਖਣ ਲਈ ਅਕਾਲ ਪੁਰਖ ਕੋਲੋਂ ਸ਼ਕਤੀ ਦੀ ਮੰਗ ਕਰਦਾ, ਭਲੇ ਪੁਰਸ਼ਾਂ ਦੇ ਮੇਲ ਲਈ ਤਾਂਘਦਾ ਅਤੇ ਸੁਆਸ ਸੁਆਸ ਨਾਮ ਜਪਣ ਦੀ ਸਮਰਥਾ ਪ੍ਰਾਪਤ ਕਰਨ ਲਈ ਜੋਦੜੀਆਂ ਕਰਦਾ ਹੈ। ਇਹ ਸਭ ਕੁਝ ਕਰਦਿਆਂ ਹੋਇਆਂ ਉਹ ਬਾਣੀ ਵਿਚੋਂ ਆਪਣੇ ਮਨ ਦੀ ਅਵਸਥਾ ਅਨੁ-ਸਾਰ ਤੁਕਾਂ ਦੀ ਚੋਣ ਕਰ ਕੇ ਉਸ ਦੀਆਂ ਵਡਿਆਈਆਂ ਤੇ ਆਪਣੇ ਔਗੁਣਾਂ ਦਾ ਵਰਣਨ ਕਰਦਾ ਹੋਇਆ ਉਸਦੀ ਬਖਸ਼ਿਸ਼ ਦੀ ਪ੍ਰਾਪਤੀ ਲਈ ਤਰਲੇ ਲੈਂਦਾ ਹੈ, ਹਾੜ੍ਹੇ ਕਢਦਾ ਹੈ। ਲੋੜ ਅਨੁਸਾਰ ਆਪਣੇ ਸੰਸਾਰਕ ਕਾਰਜਾਂ ਦੀ ਪੂਰਤੀ ਲਈ ਸਹਾਇਤਾ ਦੀ ਮੰਗ ਕਰ ਲੈਂਦਾ ਹੈ ਪਰ ਅੰਤਿਮ ਉਦੇਸ਼ 'ਸਰਬਤ ਦਾ ਭਲਾ' ਹੀ ਹੁੰਦਾ ਹੈ।

ਉਪਰੋਕਤ ਰੂਪ ਰੇਖਾ ਵਾਲੀ ਅਰਦਾਸ ਸਮੂਹਕ ਹੁੰਦਿਆਂ ਹੋਇਆਂ ਨਿੱਜੀ ਵੀ ਹੁੰਦੀ ਹੈ। ਸਿਖ ਸੰਗਤ ਵਿਚ ਜੁੜਿਆ ਹੋਵੇ ਜਾਂ ਇਕਲਾ, ਅਰਦਾਸ ਉਸ ਨੇ ਇਸੇ ਤਰ੍ਹਾਂ ਕਰਨੀ ਹੁੰਦੀ ਹੈ। ਪਰ ਇਕਲਾ ਹੁੰਦਿਆਂ ਹੋਇਆਂ ਉਸ ਨੂੰ ਇੰਨੀ ਕੁ ਖੁਲ੍ਹ ਹੁੰਦੀ ਹੈ ਕਿ ਉਹ ਲੋੜ ਅਨੁਸਾਰ ਅਰ-ਦਾਸ ਨੂੰ ਛੋਟਾ ਵਡਾ ਰੂਪ ਦੇ ਲਵੇ। ਕਈ ਵਾਰੀ ਉਸ ਦਾ ਮਨ ਇੰਨਾ ਬਿਹਬਲ ਹੁੰਦਾ ਹੈ ਕਿ ਉਹ ਅਰਦਾਸ ਕਰਦਾ ਹੋਇਆ ਆਪਾ ਹੀ ਭੁਲ ਜਾਂਦਾ ਹੈ ਤੇ ਉਸ ਲਈ ਸਮੇਂ ਦੀ ਹਦਬੰਦੀ ਕੋਈ ਅਰਥ ਹੀ ਨਹੀਂ ਰਖਦੀ। ਅਰਦਾਸ ਦਾ ਸ਼ਾਬਦਿਕ ਰੂਪ ਕੁੱਝ ਵੀ ਪਿਆ ਹੋਵੇ, ਉਸ ਨੇ ਤਾਂ ਜੋਦੜੀਆਂ ਕਰਨੀਆਂ ਹਨ, ਕਰੀ ਜਾਂਦਾ ਹੈ। ਸਤਿਗੁਰੂ ਤੇ ਵਾਹਿਗੁਰੂ ਨੂੰ ਸੰਬੋਧਨ ਕਰਦਿਆਂ ਉਹ ਕਿਹੜੇ ਸ਼ਬਦਾਂ ਦੀ ਵਰਤੋਂ ਕਰਦਾ ਹੈ, ਇਸ ਦਾ ਬਹੁਤਾ ਮਹਤਵ ਨਹੀਂ, ਅਸਲੀ ਸ਼ੈ ਹੈ ਮਨ ਦੀ ਭਾਵਨਾ, ਸ਼ਰਧਾ ਬ੍ਰਿਤੀ, ਸਿਦਕ ਤੇ ਭਰੋਸਾ। ਅਜਿਹੇ ਸਮੇਂ ਕਈ ਵਾਰ ਉਹ ਹਥ ਜੋੜ ਕੇ ਖੜੇ ਹੋਣ ਦੇ ਅਸੂਲ ਨੂੰ ਵੀ ਭੁੱਲ ਜਾਂਦਾ ਹੈ, ਉਹ 'ਮੇਲ ਲੇਹੁ ਦਇਆਲ ਢਹਿ ਪਏ ਦੁਆਰਿਆ' ਕਹਿੰਦਾ ਹੀ ਨਹੀਂ ਸਗੋ ਸਚੀ ਮੁਚੀ ਹੀ ਉਸ ਦੇ ਦਰ ਤੇ ਢਹਿ ਪੈਂਦਾ ਹੈ। ਅਰਦਾਸ ਕਰਨ ਪਿਛੋਂ ਜਦੋਂ ਉਹ ਸਾਵਧਾਨ ਹੁੰਦਾ ਹੈ ਤਾਂ ਉਹ ਆਪਣੇ ਆਪ ਨੂੰ ਹੌਲਾ ਫੁਲ ਅਨੁਭਵ ਕਰਦਾ ਹੈ [illegible] ਮਨ ਤੋਂ ਮਣਾਂ ਮੂੰਹੀ ਭਾਰ ਲਹਿ ਗਿਆ ਹਵੇ।

ਅਰਦਾਸ ਉਸ ਨੂੰ ਗੁਰੂ ਦੇ ਸਨਮੁੱਖ ਲਿਆ ਖੜਾ ਕਰਦੀ ਹੈ, ਇਸ ਤਰਾਂ ਉਹ ਆਪਣੇ ਆਪ ਨੂੰ ਇਕਲਾ ਨਹੀਂ ਸਮਝਦਾ। ਅੰਤਾਂ ਦੀ ਸ਼ਕਤੀ ਉਸ ਅੰਦਰ ਪ੍ਰਵੇਸ਼ ਕਰ ਜਾਂਦੀ ਹੈ ਜਿਸ ਦੇ ਆਸਰੇ ਉਹ ਸੰਸਾਰ ਦੀਆਂ ਮਹਾਨ ਸ਼ਕਤੀਆਂ ਨੂੰ ਤੁਛ ਸਮਝਣ ਲਗ ਜਾਂਦਾ ਹੈ। ਜੇ ਗੁਰਪ੍ਰਮੇਸ਼ਰ 'ਵਲ' ਹੋਵੇ ਤਾਂ ਕਿਸੇ ਦੀ ਕਾਹਦੀ ਪਰਵਾਹ—

ਜਾ ਤੂ ਮੇਰੇ ਵਲ ਹੈ ਤਾ ਕਿਆ ਮੁਹਿ ਛੰਦਾ।
ਤੁਧ ਸਭ ਕਿਛੁ ਮੈਨੋ ਸਉਪਿਆ ਜਾ
ਤੇਰਾ ਬੰਦਾ।

ਸੋ ਸਿਖ ਦੀ ਅਰਦਾਸ ਨਿਜੀ ਵੀ ਹੈ ਤੇ ਸਮੂਹਕ ਵੀ। ਉਸ ਨੂੰ ਅਰਦਾਸ ਕਰਨ ਜਾਂ



www.AKJ.Org

ਕਰਾਉਣ ਲਈ ਕਿਸੇ ਪਾਦਰੀ ਜਾਂ ਪਰੋਹਿਤ ਦੀ ਲੋੜ ਨਹੀਂ ਕਿਉਂਕਿ ਅਸਲੀ ਅਰਦਾਸ ਤਾਂ ਉਸ ਦੇ ਮਨ ਦੀ ਹੂਕ ਹੈ ਜੋ ਦਰਗਾਹੇ ਅਵਸ਼ ਸੁਣੀ ਜਾਂਦੀ ਹੈ ।

ਪ੍ਰਭੂ ਨਿਰਗੁਣ ਸਰੂਪ ਹੈ, ਨਿਰਾਕਾਰ ਹੈ, ਕਰੋੜਾਂ ਸਰੀਰਾਂ ਵਾਲਾ ਹੁੰਦਿਆਂ ਹੋਇਆਂ ਵੀ ਉਸ ਦਾ ਕੋਈ ਸਰੀਰ ਨਹੀਂ, ਹਥ, ਅਖਾਂ, ਕੰਨ ਸਭ ਉਸ ਕੋਲ ਹਨ ਪਰ ਫਿਰ ਵੀ ਉਹ ਨਿਰ-ਆਕਾਰ ਹੈ, ਉਸ ਦਾ ਕੋਈ ਸਥੂਲ ਰੂਪ ਨਹੀਂ । ਉਹ ਆਪਣੇ ਸੂਖਸ਼ਮ ਰੂਪ ਵਿਚ 'ਘਟ ਘਟ ਵਾਸੀ, ਸਰਬ ਨਿਵਾਸੀ' ਬਣ ਕੇ ਸੰਸਾਰ ਵਿਚ ਆਪਣੀ ਕਲਾ ਵਰਤਾ ਰਿਹਾ ਹੈ; ਪਰੰਤੂ ਸਥੂਲ ਦੇਹ ਵਿਚ ਨਿਵਾਸ ਕਰਨ ਵਾਲਾ ਜੀਵ ਉਸ ਦੇ ਇਸ ਸੂਖਮ ਰੂਪ ਨੂੰ ਅਨੁਭਵ ਨਹੀਂ ਕਰ ਸਕਦਾ ਉਸ ਦੇ ਦਰਸ਼ਨਾਂ ਲਈ ਤਾਂਘਦਾ ਹੈ ਪਰ ਦਰਸ਼ਨ ਹੁੰਦੇ ਨਹੀਂ ਕਿਉਂਕਿ ਦੇਹ ਧਾਰੀ ਜੀਵ ਕੋਲ ਉਹ ਅੱਖਾਂ ਨਹੀਂ ਹਨ ਜਿਹਨਾਂ ਨਾਲ ਉਸ ਨੂੰ ਵੇਖ ਸਕੇ ॥

ਉਹ ਇਹਨਾਂ ਅਖਾਂ ਨਾਲ ਨਹੀਂ ਦਿਸਦਾ- 'ਨਾਨਕ ਸੇ ਅਖੜੀਆ ਬਿਅੰਨਿ ਜਿਨੀ ਦਿਸੰਦੋ ਮਾ ਪਿਰੀ' । ਅਰਦਾਸ ਹੀ ਇਕ ਅਜੇਹੀ ਸ਼ਕਤੀ ਹੈ ਜੋ ਪ੍ਰਭੂ ਨਾਲ ਜੀਵ ਦਾ ਮੇਲ ਕਰਵਾ ਸਕਦੀ ਹੈ । ਇਹ ਇਕ ਡੋਰੀ ਹੈ ਜੋ ਪ੍ਰਭੂ ਤੇ ਜੀਵ ਦਾ ਸੰਬੰਧ ਜੋੜਦੀ ਹੈ । ਇਸ ਡੋਰੀ ਨੂੰ ਘੁਟ ਕੇ ਫੜਨ ਵਾਲਾ ਉਸ ਸਚੀ ਦਰਗਾਹ ਵਿਚ ਜਾ ਪਹੁੰਚਦਾ ਹੈ । ਜਦੋਂ ਇਕ ਮਨ, ਇਕ ਚਿਤ ਹੋ ਕੇ ਅਰ-ਦਾਸ ਕੀਤੀ ਜਾਂਦੀ ਹੈ ਤਾਂ ਜੀਵ ਦੀ ਬਿਰਤੀ ਉਸ ਪ੍ਰਭੂ ਦੇ ਚਰਨਾਂ ਨਾਲ ਜੁੜਦੀ ਹੈ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਉਸ ਨਾਲੋਂ ਵਖਰਾ ਪ੍ਰਤੀਤ ਨਹੀਂ ਕਰਦਾ । ਸੋ ਅਰਦਾਸ ਪ੍ਰਭੂ ਨਾਲ ਮਿਲਾਪ ਦਾ ਇਕ ਵਸੀਲਾ ਹੈ ।

ਜਦੋਂ ਹਿਰਦੇ ਵਿਚੋਂ ਅਰਦਾਸ ਦੀ ਭਾਵਨਾ ਉਪਜਦੀ ਹੈ ਤਾਂ ਸਿਖ ਆਪਣਾ ਤਨ, ਮਨ, ਧਨ ਉਸ ਦੇ ਅਰਪਣ ਕਰਕੇ ਉਸ ਦਾ 'ਬੰਦਾ' ਬਣ ਕੇ ਉਸ ਦੇ ਸਨਮੁਖ ਖਲੋ ਕੇ ਜੋਦੜੀਆਂ, ਬੇਨ-ਤੀਆਂ ਤੇ ਅਰਜ਼ੋਈਆਂ ਕਰਦਾ ਹੈ । ਆਪਣੇ ਕੀਤੇ ਕੁਕਰਮਾਂ ਦਾ ਪਸਚਾਤਾਪ ਕਰਕੇ ਅਗੇ ਤੋਂ ਸ਼ੁਭ ਕਰਮ ਕਰਨ ਦੀ ਸਮਰਥਾ ਦੀ ਮੰਗ ਕਰਦਾ ਹੈ । ਉਹ ਆਪ ਮੁਹਾਰੇ ਬੋਲ ਉਠਦਾ ਹੈ :-

'ਜੇਤਾ ਸਮੁੰਦ ਸਾਗਰ ਨੀਰ ਭਰਿਆ
ਤੇਤੇ ਅਉਗੁਣ ਹਮਾਰੇ ।'

'ਹਮਰੋ ਸਹਾਉ ਸਦਾ ਸਦ ਭੂਲਨ
ਤੁਮਰੋ ਬਿਰਦ ਪਤਿਤ ਉਧਰਨ ।'

ਉਸ ਦੇ ਅਗੇ ਕੀਤੀ ਅਜੇਹੀ ਜੋਦੜੀ ਕਦੇ ਅਜਾਈਂ ਨਹੀਂ ਜਾਂਦੀ, ਕਿਉਂਕਿ:—

ਪਿਤਾ ਕਿਰਪਾਲ ਆਗਿਆ ਇਹ ਕੀਨੀ
ਬਾਰਿਕ ਮੁਖ ਮਾਗੈ ਸੋ ਦੇਨਾ ।

ਉਹ ਮੂੰਹ ਮੰਗੀਆਂ ਤਾਂ ਕੀ, ਅਣਮੰਗੀਆਂ ਦਾਤਾਂ ਵੀ ਦੇਂਦਾ ਹੈ ਪਰ ਲੋੜ ਹੈ ਉਸ ਦੇ ਬਾਰਿਕ ਬਣਨ ਦੀ, ਉਸ ਦੀ ਸ਼ਰਨ ਆਉਣ ਦੀ 'ਜੋ ਸ਼ਰਨ ਆਵੈ ਤਿਸ ਕੰਠ ਲਾਵੈ ਇਹੁ ਬਿਰਦੁ ਸੁਆਮੀ ਸੰਦਾ'

ਹੁਣ ਪ੍ਰਸ਼ਨ ਉਠਦਾ ਹੈ ਕਿ ਅਰਦਾਸ ਕਿਸ ਮਨੋਰਥ ਲਈ ਕੀਤੀ ਜਾਣੀ ਚਾਹੀਦੀ ਹੈ ? ਸਿਖ ਦਾ ਜੀਵਨ ਪਰਮ ਪੰਥੀ ਜੀਵਨ ਹੈ । ਉਹ ਅਧਿਆਤਮ ਮਾਰਗ ਦਾ ਪਾਂਧੀ ਹੁੰਦਿਆਂ ਹੋਇਆਂ ਨਾਲ ਨਾਲ ਗ੍ਰਿਹਸਥ ਦੀਆਂ ਜ਼ਿੰਮੇ-ਵਾਰੀਆਂ ਵੀ ਨਿਭਾਉਂਦਾ ਹੈ । ਸਿਖ ਸੰਤ ਵੀ



www.AKJ.Org

ਹੁੰਦਾ ਹੈ, ਸਿਪਾਹੀ ਵੀ, ਜੋਗੀ ਵੀ, ਘਰ ਬਾਰੀ ਵੀ, ਕਿਰਤ ਵੀ ਕਰਦਾ ਹੈ, ਮਾਇਆ ਵੀ ਕਮਾਉਂਦਾ ਹੈ, ਬਚਿਆਂ ਦੀ ਪਾਲਨਾ ਵੀ ਕਰਦਾ ਹੈ। ਇਹ ਸਾਰੇ ਕੰਮ ਕਰਦਿਆਂ ਹੋਇਆਂ ਉਸ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਦੋਖੀਆਂ ਵਲੋਂ ਉਸ ਨੂੰ ਦੁਖੀ ਕੀਤਾ ਜਾਂਦਾ ਹੈ, ਕਦਮ ਕਦਮ ਤੇ ਉਸ ਨੂੰ ਪਰੀਖਿਆ ਦੇਣੀ ਪੈਂਦੀ ਹੈ; ਇਹਨਾਂ ਸਭ ਅਵਸਰਾਂ ਤੇ ਆਪਣੀ ਮਨੋਰਥ ਸਿਧੀ ਲਈ, ਆਪਣੀਆਂ ਸ਼ਕਤੀਆਂ ਵਿਚ ਵਾਧਾ ਕਰਨ,ਲਈ ਕਰਮ ਖੇਤਰ ਵਿਚ ਸਫਲ ਹੋਣ ਲਈ ਜੀਵ ਨੂੰ ਅਰਦਾਸ ਦੀ ਓਟ ਲੈਣੀ ਪੈਂਦੀ ਹੈ। ਤਾਣ, ਮਾਣ, ਦੁਧ, ਪੁਤ, ਧਨ ਦੌਲਤ, ਆਦਿ ਦੀ ਪਰਾਪਤੀ ਲਈ ਅਕਾਲ ਪੁਰਖ ਅਗੇ ਜੋਦੜੀ ਕਰਨ ਦੀ ਲੋੜ ਹੁੰਦੀ ਹੈ। ਜੋਦੜੀ ਕਰਨੀ, ਅਸ਼ੀਰਵਾਦ ਲੈਣੀ, ਅੰਗ ਸੰਗ ਸਹਾਈ ਹੋਣ ਲਈ ਬੇਨਤੀ ਕਰਨੀ ਕਮਜ਼ੋਰੀ ਦਾ ਚਿੰਨ੍ਹ ਨਹੀਂ। ਰਬ ਤੇ ਆਸ੍ਰਿਤ ਹੋਣ ਨਾਲ ਚਰਿਤ੍ਰ ਕਮਜ਼ੋਰ ਨਹੀਂ ਹੁੰਦਾ ਕਿਉਂਕਿ ਹਰ ਆਤਮਾ ਦਾ ਸਹੀ ਰੂਪ ਰੱਬ ਵਿਚ ਹੀ ਵੇਖਿਆ ਜਾ ਸਕਦਾ ਹੈ। ਉਸ ਨਾਲ ਅਭੇਦਤਾ ਸ਼ਕਤੀ ਪ੍ਰਦਾਨ ਕਰਦੀ ਹੈ। ਜੋ ਮਨੁੱਖ ਇਹ ਖਿਆਲ ਕਰਦੇ ਹਨ ਕਿ ਆਪਣੇ ਯਤਨਾਂ ਤੇ ਪਰਿਸ਼੍ਰਮਾਂ ਦੁਆਰਾ ਅਸੀਂ ਸਭ ਕੁਝ ਪ੍ਰਾਪਤ ਕਰ ਲੈਂਦੇ ਹਾਂ, ਉਹ ਭੁਲਦੇ ਹਨ। ਯਤਨ ਕਰਨੇ ਤਾਂ ਸਾਡਾ ਫ਼ਰਜ਼ ਹੈ ਪਰ ਆਪਣੇ ਯਤਨਾਂ ਤੇ ਭਰੋਸਾ ਕਰ ਬੈਠਣਾ ਭੁੱਲ ਹੈ। ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਮਨੁੱਖ ਆਪਣੀ ਤਾਕਤ ਦੇ ਮਾਣ ਵਿਚ ਆਇਆ, ਹਉਮੈ ਅਧੀਨ ਇਹ ਕਹਿਣ ਲੱਗਾ ਕਿ ਮੈਂ ਸਭ ਕੁਝ ਕਰ ਸਕਦਾ ਹਾਂ, ਉਸ ਸਮੇਂ ਉਸ ਨੂੰ ਅਸਫਲਤਾ ਦਾ ਮੂੰਹ ਵੇਖਣਾ ਪਿਆ, ਹਰਨਾਖਸ਼ ਜੋ ਆਪਣੇ ਆਪ ਨੂੰ ਅਮਿਤ ਸ਼ਕਤੀਆਂ ਦਾ ਸੁਆਮੀ ਸਮਝਣਾ ਅਨੁਭਵ ਕਰ ਕੇ ਰਬ ਦੀ ਬਰਾਬਰੀ ਕਰਨ ਲਗ ਪਿਆ ਸੀ, ਨੈਪੋਲੀਅਨ ਜਿਸ ਨੇ 'ਅਸੰਭਵ' (Impossible) ਸ਼ਬਦ ਨੂੰ ਆਪਣੀ ਡਿਕਸ਼ਨਰੀ ਵਿਚੋਂ ਹੀ ਕਢ ਦਿਤਾ ਸੀ, ਸਿਕੰਦਰ ਜੋ ਸਾਰੇ ਸੰਸਾਰ ਨੂੰ ਆਪਣੇ ਅਧੀਨ ਕਰਨ ਦੇ ਸੁਪਨੇ ਲੈਂਦਾ ਸੀ, ਆਦਿ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਕਿਵੇਂ ਇਹਨਾਂ ਨੇ ਆਪਣੇ ਬਲ ਨੂੰ ਹੀ ਸਭ ਕੁਝ ਸਮਝ ਲਿਆ ਪਰ ਅੰਤ ਨੂੰ ਇਹਨਾਂ ਨੂੰ ਨਿਰਾਸਤਾ ਦਾ ਮੂੰਹ ਵੇਖਣਾ ਪਿਆ। ਸੋ ਵਾਹਿਗੁਰੂ ਦੀ ਦਿਤੀ ਹੋਈ ਸਮਰਥਾ ਅਨੁਸਾਰ ਯਤਨ ਤਾਂ ਮਨੁਖ ਨੇ ਆਪ ਕਰਨੇ ਹੀ ਹਨ ਜਿਵੇਂ ਵਾਹਿਗੁਰੂ ਦਾ ਫੁਰਮਾਨ ਹੈ—

ਉਦਮ ਕਰੇਦਿਆਂ ਜੀਉ ਤੂ
ਕਮਾਂਵਦਿਆਂ ਸੁਖ ਭੁੰਚ।

ਪਰ ਥਾਪਨਾ ਗੁਰੂ ਕੋਲੋਂ ਹੀ ਲੈਣੀ ਹੈ। ਜਦੋਂ 'ਗੁਰ ਥਾਪੀ ਦਿਤੀ ਕੰਡ ਜੀਉ' ਤਾਂ ਫਿਰ ਕਾੜ੍ਹਾ ਅੰਦੇਸ ਨਹੀਂ ਰਹਿ ਜਾਂਦਾ। ਗੁਰੂ ਦੀ ਥਾਪਨਾ ਸਿਖ ਵਿਚ ਅਥਾਹ ਬਲ ਭਰ ਦੇਂਦੀ ਹੈ, ਜਿਸ ਕਰਕੇ ਉਸ ਦੇ ਸਾਹਮਣੇ ਕੋਈ ਟਿਕ ਨਹੀਂ ਸਕਦਾ।

ਆਮ ਜੀਵਨ ਵਿਚ ਹੀ ਵੇਖੋ। ਪੁਤਰ ਕਿਸੇ ਨਵੇਂ ਕੰਮ ਨੂੰ ਹਥ ਪਾਉਂਦਾ ਹੈ ਤਾਂ ਪਿਤਾ ਕੋਲੋਂ ਅਸ਼ੀਰਵਾਦ ਲੈਂਦਾ ਹੈ, ਵਿਦਿਆਰਥੀ ਪ੍ਰੀਖਿਆ ਵਿਚ ਜਾਣ ਤੋਂ ਪਹਿਲਾਂ ਅਧਿਆਪਕ ਉਤਸ਼ਾਹ ਦੇ ਦੋ ਸ਼ਬਦ ਸੁਣਨੇ ਚਾਹੁੰਦਾ ਹੈ, ਸਟੇਜ



www.AKJ.Org

ਤੇ ਕਲਾ ਦਾ ਪ੍ਰਗਟਾਉ ਕਰ ਰਹੇ ਕਲਾਕਾਰਾਂ ਜਾਂ ਦਰਸ਼ਕਾਂ ਜਾਂ ਸਰੋਤਿਆਂ ਕੋਲੋਂ ਹੱਲਾ ਸ਼ੇਰੀ ਦੀ ਲੋੜ ਪੈਂਦੀ ਹੈ। ਖੇਡ ਦੇ ਮੈਦਾਨ ਵਿਚ ਖਿਡਾਰੀਆਂ ਦਾ ਉਤਸ਼ਾਹ ਵਧਾਉਣ ਲਈ ਤਾਲੀਆਂ ਵਜਾਈਆਂ ਜਾਂਦੀਆਂ ਹਨ, ਜਿਸ ਟੀਮ ਨੂੰ ਉਤਸਾਹਿਤ ਕਰਨ ਵਾਲੇ ਮੌਜੂਦ ਨਾ ਹੋਣ ਉਸ ਨੂੰ ਆਪਣੀ ਜਿਤ ਦਾ ਪੂਰਾ ਵਿਸ਼ਵਾਸ ਨਹੀਂ ਹੁੰਦਾ, ਬਚੇ ਨੂੰ ਮਾਂ ਦੀ ਅਗਵਾਈ, ਸਹਾਇਤਾ ਤੇ ਅਸ਼ੀਰਵਾਦ ਦੀ ਕਦਮ ਕਦਮ ਤੇ ਲੋੜ ਹੁੰਦੀ ਹੈ, ਭਾਵੇਂ ਬਲ ਉਸ ਦਾ ਆਪਣਾ ਹੀ ਵਰਤਿਆ ਜਾਂਦਾ ਹੈ। ਸੋ ਸਪਸ਼ਟ ਹੈ ਕਿ ਸਫਲਤਾ ਦੀ ਪ੍ਰਾਪਤੀ ਲਈ ਆਪਣੇ ਤੋਂ ਉਚ ਹਸਤੀ ਦੇ ਮਿਹਰ ਭਰੇ ਹਥ ਦੀ ਅਤਿਅੰਤ ਆਵਸ਼ਕਤਾ ਹੁੰਦੀ ਹੈ। ਇਸੇ ਮਿਹਰ ਬਖਸ਼ਿਸ਼ ਅਗਵਾਈ ਤੇ ਸਹਾਇਤਾ ਲਈ ਗੁਰ ਪ੍ਰਮੇਸ਼ਰ ਅਗੇ ਅਰਦਾਸ ਕਰਨੀ ਜਰੂਰੀ ਹੈ :—

ਮਿਹਰਵਾਨ ਸਾਹਿਬ ਮੇਰਾ ਮਿਹਰਵਾਨ
ਜੀਅ ਸਗਲ ਕਉ ਦੇ ਦਾਨ।

ਇਸੇ ਲਈ ਸਿਖ ਨੂੰ ਹੁਕਮ ਹੈ :-

ਜੀਅ ਕੀ ਬਿਰਥਾ ਹੋਇ
ਸੁ ਗੁਰ ਪਹਿ ਅਰਦਾਸ ਕਰ।
ਛੋਡ ਸਿਆਣਪ ਸਗਲ
ਮਨ ਤਨ ਅਰਪ ਧਰਿ।

ਭਲਾ 'ਮਿਤ' ਵਾਲੇ ਜੀਵ ਸਾਹਮਣੇ ਹੱਥ ਅਡੱਣ ਦੀ ਥਾਂ ਅਮਿਤੇ ਸਾਹਿਬ ਕੋਲੋਂ ਮੰਗ ਕਿਉਂ ਨਾ ਕੀਤੀ ਜਾਵੇ ?

ਪਰ ਅਸੀਂ ਆਪਣੀਆਂ ਸੰਸਾਰਕ ਲੋੜਾਂ ਦੀ ਪੂਰਤੀ ਲਈ ਹੀ ਅਰਦਾਸ ਨਹੀਂ ਕਰਨੀ। ਸਿਖ ਦੀ ਅਰਦਾਸ ਇਸ ਤੋਂ ਬਹੁਤ ਉਚੀ ਹੋਣੀ ਚਾਹੀਦੀ ਹੈ। ਪਦਾਰਥਾਂ ਦੀ ਭੁਖ ਤੋਂ ਉਹ ਉਚਾ ਹੁੰਦਾ ਹੈ, ਉਸ ਨੇ ਦੁਖ ਸੁਖ ਦੋਨੋਂ ਸਮ ਕਰਿ ਕੇ ਜਾਣਨੇ ਹੁੰਦੇ ਹਨ। ਉਹ ਤਾਂ ਕਹਿੰਦਾ ਹੈ, 'ਜੇ ਭੁਖ ਦੇਇ ਤਾਂ ਇਤ ਹੀ ਰਾਜਾ, ਦੁਖ ਭੀ ਤੁਝਹਿ ਧਿਆਈ।' ਉਹ ਤਾਂ ਉਸ ਦੀ ਰਜ਼ਾ ਵਿਚ ਹੀ ਰਾਜ਼ੀ ਰਹਿੰਦਾ ਹੈ ਅਤੇ ਬੇਨਤੀ ਕਰਦਾ ਹੈ ਕਿ 'ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ।' ਤੱਤੀਆਂ ਲੋਹਾਂ ਤੇ ਬੈਠ ਕੇ ਗੁਰੂ ਅਰਜਨ ਸਾਹਿਬ ਨੇ 'ਤੇਰਾ ਕੀਆ ਮੀਠਾ ਲਾਗੈ' ਕਹਿ ਕੇ ਸਿੱਖਾਂ ਨੂੰ ਦੁਖ ਸੁਖ ਇਕ ਸਮਾਨ ਸਮਝਣ ਦੀ ਸਿਖਿਆ ਦਿਤੀ। ਗੁਰੂ ਤੇਗ ਬਹਾਦਰ ਦੇ ਸ਼ਬਦਾਂ ਵਿਚ ਸਿੱਖ ਦਾ ਚਿੰਨ੍ਹ ਹੈ :-

ਜੋ ਨਰ ਦੁਖ ਮੇ ਦੁਖ ਨਹੀਂ ਮਾਨੈ
ਸੁਖ ਸਨੇਹ ਅਰ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।

ਸਿਖ ਨੇ ਗੁਰਮੁਖ ਪਦ ਤੇ ਪਹੁੰਚਣਾ ਹੁੰਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਨਾਮ ਨੂੰ ਹਿਰਦੇ ਵਿਚ ਵਸਾ ਕੇ, ਹਿਰਦੇ ਵਿਚ ਹੀ ਨਹੀਂ ਵਸਾਉਣਾ ਸਗੋਂ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਦੀ ਅਵਸਥਾ ਤੇ ਪਹੁੰਚ ਕੇ 'ਹਰਿ ਹਰਿਜਨ ਦੋਊ ਏਕ ਹੈ, ਬਿਬ ਬਿਚਾਰ ਕਛੁ ਨਾਹਿ' ਦੇ ਪਦ ਨੂੰ ਪ੍ਰਾਪਤ ਕਰਨਾ ਹੁੰਦਾ ਹੈ। ਕਬੀਰ ਜੀ ਦਾ ਫੁਰਮਾਣ ਹੈ 'ਹਰਿ ਜਨ ਐਸਾ ਚਾਹੀਏ, ਜੈਸਾ ਹਰਿ ਹੀ ਹੋਇ' ਸੋ ਹਰਿ ਜਨ ਬਣਨ ਲਈ ਹਰਿ ਦੇ ਗੁਣਾਂ ਨੂੰ ਧਾਰਨ ਕਰਨਾ ਜ਼ਰੂਰੀ ਹੈ। ਇਹ ਗੁਣ ਨਾਮ ਅਭਿਆਸ ਦੁਆਰਾ ਪ੍ਰਾਪਤ ਹੁੰਦੇ ਹਨ। ਨਾਮ ਅਭਿਆਸੀ ਲਈ ਅਉਗੁਣਾਂ ਤੋਂ ਰਹਿਤ ਹੋਣਾ ਜ਼ਰੂਰੀ ਹੈ। ਨਾਮ ਦਾ ਨਿਵਾਸ ਪਵਿਤ੍ਰ ਹਿਰਦੇ



www.AKJ.Org

ਵਿਚ ਹੁੰਦਾ ਹੈ ਅਤੇ ਨਾਲ ਹੀ ਨਾਮ ਹਿਰਦੇ ਦੀ ਮੈਲ ਧੋ ਕੇ ਉਸ ਨੂੰ ਪਵਿੱਤ੍ਰਤਾ ਬਖਸ਼ਦਾ ਹੈ। 'ਭਰੀਐ ਮਤ ਪਾਪਾ ਕੈ ਸੰਗਿ। ਓਹ ਧੋਪੈ ਨਾਵੈ ਕੈ ਰੰਗਿ।' ਸਭ ਔਗੁਣਾਂ ਦਾ ਮੂਲ 'ਹਉਮੈ' ਹੈ ਅਤੇ ਜਿਥੇ ਹਉਮੈ ਹੋਵੇ ਉਥੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ ਕਿਉਂਕਿ 'ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸੈ ਇਕ ਥਾਇ।' ਜਿਥੇ ਹਉਮੈ ਹੁੰਦੀ ਹੈ ਉਥੇ ਨਾਮ ਦਾ ਵਸਣਾ ਔਖਾ ਹੁੰਦਾ ਹੈ। ਜਦੋਂ ਹਉਮੈ ਦੂਰ ਹੋ ਜਾਵੇ ਤਾਂ ਨਾਮ ਦਾ ਨਿਰੰਤਰ ਵਾਸ ਹੁੰਦਾ ਹੈ ਅਤੇ ਉਹ ਨਾਮੀ ਨਾਲ ਅਭੇਦ ਕਰ ਦੇਂਦਾ ਹੈ। ਇਸੇ ਲਈ ਸਿਖ ਨਾਮ ਦੀ ਦਾਤ ਮੰਗਦਾ ਹੈ। ਔਗੁਣ ਦੂਰ ਕਰਨ ਲਈ ਨਾਮ ਸਾਧਨ ਰੂਪ ਹੈ ਅਤੇ ਮਨ ਪਵਿੱਤ੍ਰ ਹੋ ਜਾਵੇ ਤਾਂ ਇਹ 'ਸਿੱਧੀ' ਰੂਪ ਧਾਰਣ ਕਰ ਲੈਂਦਾ ਹੈ। ਸਿੱਖ ਦੀ ਜੋਦੜੀ ਇਸ ਪ੍ਰਕਾਰ ਦੀ ਹੁੰਦੀ ਹੈ :-

ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ।
ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ।

... ... ... ... ...

ਮਾਗਉ ਰਾਮ ਤੇ ਇਕੁ ਦਾਨੁ।
ਸਗਲ ਮਨੋਰਥ ਪੂਰਨ ਹੋਵਹਿ
ਸਿਮਰਉ ਤੁਮਰਾ ਨਾਮੁ।

... ... ... ... ...

ਪਰੰਤੂ ਅਜੇਹੀ ਬੇਨਤੀ ਕਰਦਿਆਂ ਹੋਇਆਂ ਵੀ ਸਿਖ ਦੀ ਦ੍ਰਿਸ਼ਟੀ ਕੇਵਲ ਆਪਣੇ ਤੱਕ ਹੀ ਸੀਮਿਤ ਨਾ ਹੋਵੇ, ਸਗੋਂ ਉਸਦੀ ਪੁਕਾਰ ਹੋਵੇ :-

ਸਭੇ ਜੀਅ ਸਮਾਲਿ ਅਪਣੀ ਮਿਹਰ ਕਰਿ।

... ... ... ... ...

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।

ਸਿਖ ਅਰਦਾਸ ਕਰਦਾ ਹੈ, ਫਿਰ ਜੀਵਨ ਘੋਲ ਲਈ ਵਿਸ਼ਵ-ਅਖਾੜੇ ਵਿਚ ਕੁੱਦ ਪੈਂਦਾ ਹੈ, ਜਦੋਂ ਬਿਖਾੜਾ ਜਿੱਤ ਲੈਂਦਾ ਹੈ ਤਾਂ ਮਾਣ ਨਹੀਂ ਕਰਦਾ ਕਿਉਂਕਿ ਉਸਨੇ ਤਾਂ ਕੁਝ ਕੀਤਾ ਹੀ ਨਹੀਂ, ਉਸਦੀ ਬੇਨਤੀ ਸੁਣੀ ਗਈ ਤੇ ਸਭ ਕੁਝ ਆਪੇ ਹੀ ਹੋ ਗਿਆ। ਕਰਵਾਉਣ ਵਾਲੇ ਨੇ ਜੋ ਕਰਵਾਉਣਾ ਸੀ ਕਰਵਾ ਲਿਆ। ਉਸ ਵੇਲੇ ਸਿਖ ਦੇ ਮੂੰਹੋਂ ਸ਼ੁਕਰਾਨੇ ਵਜੋਂ ਇਹ ਬੋਲ ਨਿਕਲਦੇ ਹਨ :-

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰ, ਸਾ ਬਿਧਿ ਤੁਮ ਹਰਿ ਜਾਣਹੁ ਆਪੇ। ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਕੀਰੇ ਹਮ ਥਾਪੇ।

... ... ... ... ...

ਕਹੁ ਨਾਨਕ ਸਭ ਤੇਰੀ ਵਡਿਆਈ,
ਕੋਈ ਨਾਉ ਨ ਜਾਣੈ ਮੇਰਾ।



www.AKJ.Org

# ਸਤਿਗੁਰ ਜਾਗਤਾ ਹੈ ਦੇਉ

ਵਲੋਂ :–
ਗਿਆਨੀ ਜਸਮੇਰ ਸਿੰਘ ਪਾਲ

(ਪਹਿਲੀ ਕਿਸ਼ਤ)

ਸਤਿਗੁਰ ਮੇਰਾ ਮਾਰਿ ਜੀਵਾਲੇ ॥
ਸਤਿਗੁਰ ਮੇਰਾ ਕਰੈ ਪਰਿਤਪਾਲੈ ॥;
ਸਾਹਿਬ ਮੇਰਾ ਸਦਾ ਸਦਾ,
ਨਾ ਆਵੈ ਨ ਜਾਇ ॥

... ... ... ... ...

ਸਾਹਿਬ ਮੇਰਾ ਏਕੋ ਹੈ,
ਏਕੋ ਹੈ ਭਾਈ ਏਕੋ ਹੈ ॥

... ... ... ... ...

ਬ੍ਰਹਮ ਮਹਿ ਜਨ ਜਨ ਮਹਿ ਪਾਰਬ੍ਰਹਮ
ਏਕੋ ਆਪ ਨਹੀਂ ਕਛ ਭਰਮ

ਪ੍ਰਭੂ—ਸਭ ਤੋਂ ਵਡੀ ਅਦੁਤੀ ਹਸਤੀ, ਸਰਬ ਵਿਆਪਕ ਤੇ ਇਕ ਰਸ ਤੇ ਸ੍ਵੈਭੰ ਸਰੂਪ ਅਮਰ ।

ਜੀਵ—ਪ੍ਰਭੂ ਤੋਂ ਵਖਰਾ ਹੋਇਆ ਕਿਣਕਾ, ਬੂੰਦ ਸਾਗਰ ਤੋਂ ਅੱਡ ਹੋਈ, ਅਡਰੇਪਣ ਦਾ ਕਾਰਣ-ਹਉਮੈ, ਦੁਬਧਾ, ਪੂਰਬਲੇ ਕਰਮ, ਤ੍ਰਿਸ਼ਨਾ ਆਦਿ ॥

ਮਨੋਰਥ—ਜੀਵ ਦਾ ਪ੍ਰਭੂ ਨਾਲ ਇਕ ਮਿਕ ਹੋ ਜਾਣਾ, ਦ੍ਵੋ ਤੋਂ ਏਕ ਰੂਪ ਹੋ ਜਾਣਾ। ਬੂੰਦ ਦਾ ਸਾਗਰ ਵਿਚ ਮਿਲ ਕੇ 'ਅਮਰਾ ਪਦ' ਪਾਉਣਾ।

ਸਾਧਨ—ਗੁਰ ਸ਼ਬਦ, ਗੁਰ ਸ਼ਬਦ ਦੀ ਪਰਾਪਤੀ ਅੰਮ੍ਰਿਤ ਬਾਣੀ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੁਆਰਾ ।

ਸਾਇੰਸੀ ਯੁਗ ਦੇ ਅਸਰ ਨਾਲ ਲੋਕਾਂ ਵਿਚੋਂ ਧਰਮ ਗੁੰਮ ਹੁੰਦਾ ਜਾਪਦਾ ਹੈ। ਕਈ ਪੜ੍ਹੇ ਲਿਖੇ ਬੰਦੇ ਹਰ ਚੀਜ਼ ਨੂੰ ਦਲੀਲ ਤੇ ਪਰਖਦੇ ਹਨ। ਕਈ ਆਤਮਕ ਕਰਿਸ਼ਮਿਆਂ (ਚਮਤਕਾਰਾਂ) ਨੂੰ ਬਿਲਕੁਲ ਨਹੀ ਮੰਨਦੇ। ਸੋ ਰਬ ਅਜਿਹੀ ਚੀਜ਼ ਨਹੀਂ ਜਿਸ ਨੂੰ ਝਟ ਪਟ ਸਬੂਤ ਦੇ ਕੇ ਜਾਂ ਲੈਬਾ-ਰਟਰੀ ਵਿਚ ਕੋਈ ਤਜਰਬਾ ਕਰਕੇ, ਤਜਰਬੇ ਦੇ ਅਨੁਸਾਰ ਸਿਧ ਕੀਤਾ ਜਾ ਸਕੇ। ਸੋ ਸੁਭਾਵਿਕ ਹੀ ਹੈ ਕਿ ਆਪਣੇ ਇਸ਼ਟ ਉਤੇ ਵੀ ਕਈਆਂ ਨੂੰ ਪੱਕਾ ਤੇ ਦ੍ਰਿੜ ਵਿਸ਼ਵਾਸ ਨਹੀਂ ਹੁੰਦਾ। ਕੁਝ ਕੱਚੇ ਖਿਆਲਾਂ ਦੇ ਹੁੰਦੇ ਹਨ, ਕੁਝ ਦੇਹਧਾਰੀ ਡੰਬੀ ਪੈਰ ਚੁਕ ਦਿੰਦੇ ਹਨ। ਸੋ ਅਜਿਹੇ ਚਾਲ ਚਲਣ ਵਾਲਿਆਂ ਨੂੰ ਤੇ ਕੱਚੇ ਪਿਲਿਆਂ ਨੂੰ ਇਕ ਅਖੰਡ ਅਕਾਲ ਪੁਰਖ ਦੀ ਅਰਾਧਨਾ ਜਾਂ ਪੂਜਾ ਕਰਨ ਲਈ ਪਰੇਰਨਾ ਦੇਣਾ ਤੇ ਸਤਿਗੁਰ ਦੀ ਜਾਗਤ ਜੋਤ ਦਾ ਅਹਿਸਾਸ ਕਰਾਉਣਾ ਇਸ ਲੇਖ ਦਾ ਮਨੋਰਥ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਅਕਾਲ ਪੁਰਖ ਦੀ ਪੂਜਾ ਹੈ, ਬੁਤ ਪ੍ਰਸਤੀ



www.AKJ.Org

ਨਹੀਂ । ਇਸ ਦਾ ਨਿਰਣੇਜਨਕ ਵਿਆਖਿਆਮਈ ਨਿਰਣਾ ਕੀਤਾ ਗਿਆ ਹੈ ਤਾਂ ਕਿ ਕੋਈ ਵੀ ਟਪਲਾ ਨਾ ਖਾ ਸਕੇ । ਸਿਖ ਧਰਮ ਨੂੰ ਦਲੀਲ ਤੇ ਪਰਖਣ ਦਾ ਭਾਵ ਇਹ ਨਹੀਂ ਕਿ ਸ਼ਰਧਾ ਭਾਵ ਬਿਲਕੁਲ ਗੁੰਮ ਹੋ ਜਾਣ । ਪੰਥਕ ਲੋੜ ਨੂੰ ਮੁਖ ਰਖਦਿਆਂ ਇਹ ਕੁਝ ਕੀਤਾ ਹੈ ।

ਅਕਾਲ ਪੁਰਖ ਦੀ ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਪਰਕਾਸ਼ਮਾਨ ਹੈ । ਅਕਾਲ ਦੀ ਪੂਜਾ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਹੀ ਅਕਾਲ ਪੁਰਖ ਦੀ ਪੂਜਾ ਹੈ । ਜੋ ਅਕਾਲ ਨੂੰ ਮੰਨਦਾ ਹੈ, ਉਸ ਦੇ ਭਾਣੇ ਵਿਚ ਆਉਂਦਾ ਹੈ, ਹੁਕਮ ਰਜ਼ਾਈ ਚਲਦਾ ਹੈ, ਉਹ ਕਿਸੇ ਦਾ ਮੁਥਾਜ ਨਹੀਂ । ਅਕਾਲ ਨੂੰ ਧਿਆਉਣਾ ਉਸ ਦੇ ਗੁਣ ਆਪਣੇ ਵਿਚ ਲਿਆਉਣਾ ਹੈ, ਉਸ ਜਿਹਾ ਬਣਨਾ ਹੈ, ਜਿਸ ਜਿਹਾ ਹੋਰ ਕੋਈ ਨਹੀਂ । ਅਕਾਲ ਪੁਰਖ ਨੇ ਹੀ ਇਕ ਕਵਾਉ ਨਾਲ ਸਾਰਾ ਪਸਾਰਾ ਕਰ ਦਿਤਾ ਹੈ । ਸਾਰੀ ਸ੍ਰਿਸ਼ਟੀ ਉਸ ਦੇ ਭਾਣੇ ਵਿਚ ਉਸ ਦੇ ਅਟੱਲ ਹੁਕਮ ਵਿਚ ਕਿਸੇ ਖਾਸ ਰਜ਼ਾ ਅਨੁਸਾਰ ਉਸ ਦੇ ਆਪਣੇ ਨਿਯਮਾਂ ਹੇਠ ਚਲ ਰਹੀ ਹੈ । ਅਕਾਲ ਇਕ ਵਡੀ ਹਸਤੀ ਹੈ, ਬ੍ਰਹਮ ਗਿਆਨ ਹੈ, ਉਸ ਨੂੰ ਹੀ ਸਾਰੇ ਬ੍ਰਹਮੰਡ ਦਾ ਗਿਆਨ ਹੈ, ਹੋਰ ਕਿਸੇ ਨੂੰ ਨਹੀਂ, ਉਸ ਦਾ ਕੋਈ ਸ਼ਰੀਕ ਨਹੀਂ ਬਣ ਸਕਦਾ । ਅਕਾਲ ਸ੍ਵੈਭੰ ਰੂਪ ਹੈ ਜਿਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਜਿਵੇਂ ਦੀਵਾ ਤੇਲ ਦੇ ਸਹਾਰੇ ਹੈ ਪਰ ਅਕਾਲ ਪੁਰਖ ਇਉਂ ਨਹੀਂ, ਉਸ ਦੀ ਜੋਤ ਆਪਣੇ ਆਪ ਤੋਂ ਪਰਕਾਸ਼ਮਾਨ ਹੈ । ਉਸ ਦੀ ਜਾਗਤ ਜੋਤ ਕਿਸੇ ਦੇ ਆਸਰੇ ਨਹੀਂ ਜਗਦੀ ।

ਅਕਾਲ ਅਚਲ ਮੂਰਤ ਤੇ ਅਨਭਵ ਪਰਕਾਸ਼ ਹੈ । ਸਰਬ ਵਿਆਪਕ ਹੈ । ਇਕ ਰਸ ਹੈ ਜਿਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ । ਅਕਾਲ ਸਭ ਥਾਂ ਪਸਰਿਆ ਹੈ, ਕੋਈ ਥਾਂ ਉਸ ਤੋਂ ਖਾਲੀ ਨਹੀਂ । ਸਭ ਸ੍ਰਿਸ਼ਟੀ ਦਾ ਕਰਣ ਕਾਰਣ, ਗੜਨ ਭੰਜਨ, ਸਮਰਥ, ਜ਼ਾਹਰਾ ਜ਼ਹੂਰ, ਸਰਬ ਕਲਾ ਭਰਪੂਰ ਹੈ ਅਕਾਲ ਦੀ ਹਸਤੀ ਕਦੇ ਜੰਮਦੀ ਮਰਦੀ ਨਹੀਂ, ਅਮਰ ਹੈ । ਅਕਾਲ ਬੰਧਨ ਤੋਂ ਮੁਕਤ ਹੈ । ਉਸ ਦੀ ਜੁਗਤ ਨਿਰਮਲ ਹੈ । ਉਸ ਸਦਾ ਜਨ ਨਿਰਮਲ ਨੂੰ ਕਦੇ ਮੈਲ ਨਹੀਂ ਲਗਦੀ, ਕਾਲ ਨਹੀਂ ਪੋਂਹਦਾ । ਜੇ ਉਹ ਚਾਹੇ ਤਾਂ ਫੈਲਾ ਕਰ ਲਵੇ ਜੇ ਚਾਹੇ ਤਾਂ ਸਾਰੇ ਪਸਾਰੇ ਨੂੰ ਆਪਣੇ ਆਪ ਵਿਚ ਸਮੇਟ ਕੇ ਏਕੰਕਾਰ ਬਣ ਜਾਵੇ, ਇਹ ਉਸ ਦੀ ਆਪਣੀ ਮਰਜ਼ੀ ਹੈ ।

ਅਕਾਲ ਪੁਰਖ ਸਹਿਜ ਸੁਭਾਵਕ ਅਵਸਥਾ ਵਿਚ ਵਿਚਰਦਾ ਹੈ । ਉਸ ਦਾ ਭੋਜਨ ਬ੍ਰਹਮ ਗਿਆਨ ਹੈ । ਅਭਿਮਾਨ ਉਸ ਦੇ ਨੇੜੇ ਨਹੀਂ ਢੁਕਦਾ । ਅਕਾਲ ਪੁਰਖ ਅੰਮ੍ਰਿਤ ਦਾ ਸੋਮਾ ਹੈ, ਤਪਦਿਆਂ ਨੂੰ ਠਾਰਦਾ ਹੈ । ਉਸ ਤੋਂ ਉਚੀ ਆਤਮਾ ਹੋਰ ਕਿਸੇ ਦੀ ਨਹੀਂ । ਉਹ ਆਤਮਕ ਰੰਗਾਂ ਵਿਚ ਖੇਡਦਾ ਹੈ । ਪ੍ਰਭੂ ਦਾ ਸਿਮਰਨ ਕਰਨ ਦਾ ਮਤਲਬ ਇਹ ਨਹੀਂ ਕਿ ਸਾਰੀ ਸ੍ਰਿਸ਼ਟੀ ਦਾ ਅੰਤ ਪਾਇਆ ਜਾਵੇ ਸਗੋਂ ਉਸ ਨੂੰ ਜਪ ਕੇ ਆਪਣੀ ਆਤਮਾ ਨੂੰ ਸੁਧ ਕੀਤਾ ਜਾਵੇ । ਜਨਮ ਜਨਮ ਕੀ ਮਲ ਜੋ ਇਸ ਜੀਵ ਆਤਮਾ ਨੂੰ ਲਗੀ ਹੈ, ਜਿਸ ਕਰਕੇ ਇਹ ਕਾਲਾ ਸਿਆਹ ਹੋਇਆ ਹੈ,



www.AKJ.Org

ਨੂੰ ਧੋਤਾ ਜਾਵੇ। ਉਸ ਦੇ ਸਿਮਰਨ ਦੁਆਰਾ ਅਪਣੇ ਆਪੇ ਨੂੰ ਪਛਾਣੇ। ਕਵਣ ਕਾਜ ਸਿਰਜੇ ਜਗ ਭੀਤਰ ਦੇ ਧੁਰੇ ਨੂੰ ਘੁਮਾ ਕੇ ਵੇਖੇ। ਤਿੰਨ ਗੁਣਾਂ (ਰਜੋ, ਸਤੋ, ਤਮੋ) ਤੋਂ ਉਪਰ ਉਠ ਕੇ ਜੀਵ ਚੌਥੇ ਮੰਡਲ ਵਿਚ ਆ ਜਾਵੇ, ਮਨ ਸੋਇਆ ਤੇ ਮਾਇਆ ਜਿਸ ਵਿਚ ਇਹ ਵਿਸਮਾਦ ਹੈ, ਉਠ ਕੇ ਜਾਗ ਪਵੇ। ਪਰਮ ਤੱਤ ਨੂੰ ਪਛਾਣ ਲਏ ਜੀਵ ਗੁਰਮੁਖ ਹੋ ਕੇ ਬੋਲੇ, ਨਾਮ ਰੂਪੀ ਮਖਣ ਖਾਵੇ, ਬਿਸਟਾ ਨਾ ਫੋਲੇ, ਸੱਚ ਦਾ ਮੁਤਲਾਸ਼ੀ ਬਣ ਕੇ, ਸਾਚੇ ਨੂੰ ਲਿਪਟ ਜਾਏ, ਉਸ ਦੇ ਰੰਗ ਵਿਚ ਰੰਗੀਜ ਕੇ, ਉਸ ਦੀ ਪਤ ਵਿਚ ਪਤੀਜ ਕੇ ਗਿਆਨ ਦੀਆਂ ਮੁੰਦਰਾਂ ਪਾ ਕੇ, ਪਤ ਅਬਰੋ ਦੀ ਝੋਲੀ ਪਾ ਕੇ, ਖਿੰਥਾ ਕਾਲ ਦੀ ਪਾ ਕੇ ਮੌਤ ਦਾ ਡਰ ਰਖੇ। ਕਾਇਆਂ ਨੂੰ ਕੁਆਰੀ ਰਖੇ, ਪਲੀਤ ਨਾ ਹੋਣ ਦੇਵੇ, ਹੱਥ ਵਿਚ ਡੰਡਾ ਜੁਗਤ ਦਾ ਪਕੜ ਲਵੇ, ਆਈ ਪੰਥੀ ਵਾਲਿਆਂ ਨਾਲ ਰਲ ਕੇ "ਸਗਲ ਜਮਾਤੀ" ਬਣ ਜਾਵੇ। ਭਾਵ ਸਾਰੇ ਸੰਸਾਰ ਨੂੰ ਆਪਣਾ ਟੱਬਰ ਸਮਝੇ। ਦਵੈਤ, ਆਪਾ ਧਾਪੀ ਤੋਂ ਉਚੇ ਉਠ ਖਲੋਵੇ, ਆਪਣੇ ਪਰਾਏ ਨੂੰ ਮਿਟਾ ਕੇ ਜਾਂ ਇਉਂ ਕਹਿ ਲਓ ਟੋਏ ਟਿਬੇ ਢਾਹ ਕੇ ਮਨ ਮੈਦਾਨ ਕਰ ਲਵੇ। ਪਰ ਇਹ ਸਾਰਾ ਕੁਝ ਕਰਨਾ, ਮਿੱਟੀ ਦੀ ਖੇਡ ਨਹੀਂ, ਇਹ ਸਾਰਾ ਕੁਝ ਹੋਵੇਗਾ ਮਨ ਨੂੰ ਜਿਤਿਆਂ।

ਜੀਵ ਜਦੋਂ "ਇਨ ਮਨ" ਵਲ ਆਉਂਦਾ ਹੈ ਤਾਂ ਉਹ ਆਪਣੇ ਸੁਆਰਥ ਪਿਛੇ ਲਗਾ ਹੈ। ਜਦੋਂ "ਉਨ ਮਨ" ਵਾਲੀ ਅਵਸਥਾ ਵਿਚ ਵਿਚਰਦਾ ਹੈ ਤਾਂ ਸੁਆਰਥ ਨੂੰ ਪਾਰਬ੍ਰਹਮ ਦੇ ਹਵਾਲੇ ਕਰਕੇ ਨਿਸ਼ਕਾਮ ਹੋ ਜਾਂਦਾ ਹੈ, ਮੰਗ ਤੋਂ ਉਚੇ ਉਠ ਖੜੋਂਦਾ ਹੈ, ਇਕੋ ਅਕਾਲ ਦੀ ਸਿਫ਼ਤ ਸਾਲਾਹ ਮੰਗਦਾ ਹੈ

"ਸਰਮ ਸਿਫਤ ਕਾ ਕਪੜਾ ਮਾਂਗਉ"

ਲਈ ਅਰਜੋਈ ਕਰਦਾ ਹੈ। ਅਕਾਲ ਦੀ ਸਿਫ਼ਤ ਸਾਲਾਹ ਦੁਆਰਾ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ। ਅਕਾਲ ਪੁਰਖ ਦੀ ਸਿਫ਼ਤ ਸਾਲਾਹ ਤੋਂ ਵਡੀ ਹੋਰ ਕੋਈ ਦਾਤ ਨਹੀਂ ਜਿਸ ਦੇ ਗੁਣ ਅਮੁਲ ਹਨ।

ਜੀਵ ਤੇ ਪਰਮਾਤਮਾ ਵਿਚਕਾਰ ਕੂੜ ਦੀ ਪਾਲ ਹੈ। ਕੂੜ ਦੀ ਪਾਲ ਤੋੜਿਆਂ ਜੀਵ ਸਚਿਆਰਾ ਹੋ ਸਕਦਾ ਹੈ। ਸੱਚਾ ਸਾਹਿਬ, ਸੱਚ ਤਪਾਵਸ, ਸੱਚੜਾ ਨਿਆਉਂ ਕਰਨ ਵਾਲਾ ਉਸ ਦੇ ਅੰਦਰ ਵਸ ਸਕਦਾ ਹੈ, ਭਰਮ ਦੇ ਛੌੜ ਕਟ ਕੇ ਅੰਦਰ ਜੋਤ ਧਰ ਸਕਦਾ ਹੈ, ਅਗਿਆਨ ਦਾ ਅੰਧੇਰਾ ਕਟ ਕੇ "ਗੁਰ ਗਿਆਨ ਪ੍ਰਚੰਡ" ਦਾ ਦੀਵਾ ਬਾਲ ਸਕਦਾ ਹੈ, ਪਰ ਜੇਕਰ ਜੀਵ ਉਸ ਦੀ ਰਜ਼ਾ ਵਿਚ ਚਲੇ, ਉਸ ਦੀ ਚਾਕਰੀ ਕਰੇ, ਸਿਫ਼ਤ ਸਾਲਾਹ ਦਾ ਢਾਡੀ ਬਣ ਜਾਏ, ਮੂਰਖ ਮਨ ਕਾਰੇ ਲਗ ਜਾਵੇ, ਹੋਰ ਕਾਰਾਂ ਸਭ ਛਡ ਦੇਵੇ। ਉਸ ਦੇ ਚਰਨ ਕਮਲਾਂ ਵਿਚ ਭੌਰਾ ਹੋ ਕੇ ਜੁੜ ਜਾਏ। ਹਉਮੈ ਦੀ ਵਿੱਥ ਮੇਟ ਕੇ, ਮਨ ਦੇ ਧੁੰਧਲੇ ਸ਼ੀਸ਼ੇ ਨੂੰ ਗੁਰ ਸ਼ਬਦ ਦੁਆਰਾ ਸਾਫ਼ ਕਰਕੇ ਸੁੱਤੀ ਆਤਮਾ ਨੂੰ ਪਾਰਬ੍ਰਹਮ ਦੀ ਝੋਲੀ ਵਿਚ ਪਾ ਛਡੇ।

ਮਨੁਖੀ ਮਨ ਨੂੰ ਪਾਰਬ੍ਰਹਮ ਦਾ ਰੰਗ ਔਖਾ ਚੜ੍ਹਦਾ ਹੈ ਕਿਉਂ ਜੁ ਸਰੀਰ ਰੂਪੀ ਕਪੜੇ ਨੂੰ ਮਾਇਆ ਦੀ ਪਾਹ ਚੜ੍ਹੀ ਹੋਈ ਹੈ। ਮਨੁਖੀ ਚੋਲਾ ਲਬ ਨਾਲ, ਲੋਭ ਨਾਲ ਰੰਗਿਆ ਹੋਇਆ ਹੈ। ਪਾਰਬ੍ਰਹਮ ਕੰਤ ਨੂੰ, ਪਤੀ ਪਰਮੇਸ਼ਰ ਨੂੰ



www.AKJ.Org

ਇਹ ਚੋਲਾ ਨਹੀਂ ਭਾਉਂਦਾ। ਜੀਵ ਨੂੰ ਪਾਰਬ੍ਰਹਮ ਦੀ ਸੁਧ ਨਹੀਂ, ਲਬ ਨਾਲ ਹਲਕਿਆ ਮਨ ਰੂਪੀ ਕੁੱਤਾ ਦੁਆਰੇ ਦੁਆਰੇ ਭਟਕਦਾ ਹੈ। ਮਨ ਰੂਪੀ ਬਗਲਾ ਮਾਨਸਰ ਨੂੰ ਛਡ ਕੇ ਗੰਦੇ ਛਪੜਾਂ ਤੇ ਧਾਂਵਦਾ ਹੈ, ਲਾਲਚ ਮਗਰ ਲਗ ਕੇ ਅਮੁਲਾ ਜਨਮ ਭੰਗ ਦੇ ਭਾੜੇ ਗੁਆਉਂਦਾ ਹੈ। ਸ਼ਬਦ ਦੀ ਸਾਰ ਨਹੀਂ, ਇਸ ਨੇ ਮੋਤੀ ਕਿਥੋਂ ਚੁਗਣੇ ਹਨ। ਹੰਸ ਵਾਂਗ ਇਸਨੇ ਲੰਮੀ ਉਡਾਰੀ ਕਿਥੇ ਮਾਰਨੀ ਹੈ। ਜੀਵ ਰੂਪੀ ਮੱਖੀ ਵਿਸ਼ੇ ਰੂਪੀ ਗੁੜ ਵਿਚ ਆਪਣਾ ਆਪ ਭੁਲ ਜਾਂਦੀ ਹੈ। ਗੁੜ ਦੇ ਵਿਚਕਾਰ ਚੰਬੜ ਜਾਂਦੀ ਹੈ। ਜ਼ਿੰਦਗੀ ਤੋਂ ਹੱਥ ਧੋ ਬੈਠਦੀ ਹੈ। ਵਿਸ਼ਿਆਂ ਦੇ ਚਿਕੜ ਵਿਚੋਂ ਪੂਰਾ ਗੁਰੂ ਆਪਣੀ ਮਿਹਰ ਕਰਮ ਦੁਆਰਾ ਬਾਹਰ ਕਢ ਸਕਦਾ ਹੈ, ਗਟਾਕ ਰਸ ਚਖਾ ਸਕਦਾ ਹੈ। ਸਰੀਰ ਰੂਪੀ ਗ੍ਰਿਹਿ ਵਿਚ ਚੋਰ ਵਸਦੇ ਹਨ, ਇਸ ਨੂੰ ਰੋਜ਼ ਲੁਟਦੇ ਹਨ ਪਰ ਜੀਵ ਅਵੇਸਲਾ ਰਹਿੰਦਾ ਹੈ, ਸ਼ਬਦ ਨਾਲ ਪਰੀਤ ਨਹੀਂ ਜੋੜਦਾ, ਬਣ ਦੇ ਪੰਖੇਰੂ ਮਨ ਨੂੰ ਜੋ ਥਾਂ ਥਾਂ ਉਡਦਾ ਫਿਰਦਾ ਹੈ, ਜੋ ਚੰਚਲ ਤੇ ਤਰਾਰ ਬੁੱਧੀ ਵਾਲਾ ਹੈ, ਨੂੰ ਥਾਂ ਥਾਂ ਬੈਠਣ ਤੋਂ ਨਹੀਂ ਹੋੜਦਾ। ਮਨੁਖੀ ਮਨ ਅੰਦਰ ਜੋਤ ਸਰੂਪ ਹੈ, ਇਸ ਅੰਦਰ ਰਾਮ ਦੀ ਅੰਸ ਹੈ, ਪਰ ਉਹ ਪ੍ਰਗਟ ਉਦੋਂ ਹੁੰਦੀ ਹੈ ਜਦੋਂ ਪਰਾਣੀ ਆਪਣੇ ਆਪੇ ਨੂੰ ਪਛਾਣਦਾ ਹੈ ਕਿ ਮੈਂ ਕੀ ਹਾਂ ? ਨਹੀਂ ਤਾਂ ਇਹ ਮਨ ਮੈਗਲ ਹੋ ਰਹਿੰਦਾ ਹੈ ਜਿਸ ਨੂੰ ਪਾਰਬ੍ਰਹਮ ਸਭ ਵਿਚ ਰਵ ਰਿਹਾ 'ਪ੍ਰਭੁ ਏਕੋ' ਦਿਸਦਾ ਨਹੀਂ। ਬਨਸਪਤ ਵਿਚ ਬੈਸੰਤਰ ਹੈ, ਸਾਰੇ ਦੁੱਧ ਵਿਚ ਘਿਉ ਹੈ ਪਰ ਰਿੜਕੇ ਬਿਨਾਂ ਨਹੀਂ ਮਿਲੇਗਾ—

ਮਥਨ ਕਰੇ ਬਿਨ ਕਿਨਹ ਨ ਲਇਓ ?

ਰਿੜਕਣ ਤੋਂ ਭਾਵ ਸਿਮਰਨ ਕਰਨਾ ਹੈ, ਬਾਰੰਬਾਰ ਜਪਣਾ ਹੈ। ਅਕਾਲ ਪੁਰਖ ਨੇ ਜਿੰਨੀ ਲੋੜ ਸਮਝੀ ਹੈ, ਜਿਨੀ ਕੁ ਆਪਣੀ ਨੁਕਰ ਦਾ ਪਤਾ ਉਹ ਸਾਨੂੰ ਦਸਣਾ ਚਾਹੁੰਦਾ ਹੈ, ਜਿੰਨਾ ਕੁ ਭਾਗ ਆਪਣੀ ਜਾਣਕਾਰੀ ਦਾ ਯੋਗ ਸਮਝਦਾ ਹੈ, ਦਸਦਾ ਹੈ, ਸਾਕਾਰ ਕਰਦਾ ਹੈ, ਝੰਜੋੜਦਾ ਹੈ; ਹਲੂਣਦਾ ਹੈ, ਟੁੰਬਦਾ ਹੈ, ਜਗਾਉਂਦਾ ਹੈ, ਗਾਫ਼ਲ ਗੋਲੇ ਨੂੰ ਬਿਨਾਂ ਸ਼ਕ ਅਹਿਸਾਸ ਕਰਾਉਂਦਾ ਹੈ। 'ਡਡਾ ਡੇਰਾ ਇਹ ਨਹੀਂ' ਕਿਸੇ ਹੋਰ ਥਾਂ ਜਾਣਾ ਹੈ। ਪਰ ਕਰਾਉਂਦਾ ਹੈ ਵਿਸਮਾਦ ਹੋ ਕੇ, ਤਰੁਠ ਕੇ, ਦਇਆਲਤਾ ਕਿਰਪਾਲਤਾ ਦੇ ਘਰ ਆ ਕੇ, ਮਿਹਰਾਂ ਦਾ ਮੀਂਹ ਵਸਾ ਕੇ, ਆਪਣਾ ਹੱਥ ਸਿਰ ਤੇ ਰੱਖ ਕੇ, ਡੋਲਣ ਤੋਂ ਬਚਾ ਕੇ। ਪਰ ਜੀਵ ਲਈ ਇਹ ਜ਼ਰੂਰੀ ਹੈ ਭਾਣਾ ਮੰਨਦਾ ਹੋਇਆ ਹੁਕਮ ਰਜ਼ਾਈ ਚਲੇ, ਉਸ ਦੀ ਰਜ਼ਾ ਵਿਚ ਸ਼ਾਕਰ ਰਹੇ। ਉਸਦਾ ਬਣ ਰਹੇ, ਆਪਣਾ ਆਪ ਭੇਟ ਚੜ੍ਹਾ ਕੇ, ਤਨ ਮਨ, ਧਨ ਸਉਪ ਗੁਰ ਕੋ ਹੁਕਮ ਮੰਨਿਆ ਪਾਵੇ। ਅਸਲੀ ਗ੍ਰਿਹੀ ਬਣ ਜਾਵੇ। ਆਤਮਾ ਦਾ ਜੋਗੀ ਬਣ ਜਾਵੇ। ਅੰਤਰ ਆਤਮੇ ਨੂੰ ਧੋ ਕੇ, ਮਨ, ਬਚਨ, ਕਰਮ ਕਰਕੇ ਕਿਸੇ ਨੂੰ ਨਾ ਦੁਖਾਏ। ਗਿਆਨ ਇੰਦਰੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਨੂੰ ਕਾਬੂ ਵਿਚ ਰਖੇ, ਮਨ ਹੱਠ ਬੁਧੀ ਤੋਂ ਉਚੇ ਉਠ ਕੇ (੫+੩)=੮ ਅਸਟ ਧਾਤ ਬਣ ਜਾਵੇ। ਅਸਟ ਧਾਤ ਤੋਂ ਇਕ ਧਾਤ ਬਣਾ ਕੇ ਉਸ ਨੂੰ ਸਿਧਿਆਂ ਪ੍ਰਭੂ-ਸਾਹਿਬ ਨਾਲ ਜੋੜੇ, ਸਮਝੋ ਪਾਰਸ ਹੋ ਗਿਆ। ਭਾਈ ਗੁਰਦਾਸ ਜੀ ਸਾਖ ਭਰਦੇ ਹਨ:-



www.AKJ.Org

ਅਸਟ ਧਾਤ ਇਕ ਧਾਤ ਹੋਇ
ਸੰਗ ਪਾਰਸ ਢੋਵੈ ॥

ਸਮਝੋ ਪਾਰਸ ਹੋ ਗਿਆ, ਜਿਸ ਨਾਲ ਲਗੇਗਾ ਸੋਨਾ ਬਣਾ ਦੇਵੇਗਾ। ਆਪ ਜਪੇਗਾ ਹੋਰਨਾਂ ਨੂੰ ਜਪਾਵੇਗਾ। ਗੁਰੂ ਕਿਰਪਾ ਨਾਲ ਸਾਰੀ ਖੇਡ ਵਰਤੇਗੀ, ਗੁਰੂ ਕੁੰਜੀ ਹੈ, ਮਨ ਕੋਠਾ ਹੈ ਤੇ ਸਰੀਰ ਛਤ ਹੈ, ਗੁਰੂ ਬਿਨਾ ਮਨ ਦਾ ਪਾਜ ਉਘੜ ਨਹੀਂ ਸਕਦਾ। "ਗੁ" ਦੇ ਅਰਥ ਹਨ। "ਗੁਬਾਰ" "ਹਨੇਰਾ" "ਰੂ" ਦਾ ਮਤਲਬ ਹੈ ਚਾਲਣ, ਪਰਕਾਸ਼। ਮਨ ਵਿਚ ਹਨੇਰਾ ਹੈ ਪਾਪਾਂ ਦਾ, ਸੋ ਗੁਰੂ ਹਨੇਰੇ ਮਨ ਵਿਚ ਚਾਨਣ ਕਰਨ ਵਾਲਾ ਹੋਇਆ। ਹਜ਼ਾਰਾਂ, ਸੂਰਜ ਚੰਨ ਚੜ੍ਹਨ ਤੋਂ ਵੀ ਗੁਰੂ ਬਿਨਾ ਹਨੇਰਾ ਹੀ ਰਿਹਾ। ਸੋ ਘਾਲ ਕਮਾਈ ਕੀਤੀ ਜਾਵੇ ਗੁਰੂ ਤੇ ਆਸਰੇ ਲਗ ਕੇ ਉਸ ਦਾ ਬਣ ਕੇ, ਉਸ ਤੇ ਪੂਰਨ ਵਿਸ਼ਵਾਸ ਰਖ ਕੇ। ਪਰ ਇਹ ਕੁਝ ਕੋਈ ਵਿਰਲਾ ਹੀ ਕਰਦਾ ਹੈ ਜਾਂ ਉਹ ਕਰਦਾ ਹੈ ਜੋ ਦੁਨੀਆਂ ਵਲੋਂ ਮਰ ਕੇ ਆਤਮਾ ਦੇ ਘਰ ਜਿਊਂਦਾ ਹੈ, ਜਿਸ ਨੂੰ ਹਾਟੀ ਬਾਟੀ ਨੀਂਦ ਨਹੀ ਆਉਂਦੀ, ਪਰ ਘਰ ਚਿਤ ਨਹੀਂ ਡੋਲਦਾ, ਕਰਮੰਡਲ ਫੜੀ ਰਮਦਾ ਨਹੀਂ, ਇੜਾ ਪਿੰਗਲਾ ਧੋਣ ਨਾਲ ਆਤਮਾ ਨਹੀਂ ਧੋਤੀ ਜਾਂਦੀ। ਪੰਚ ਜਨਾਂ ਤੋਂ ਛੁਟਿਆ ਨਹੀਂ ਜਾ ਸਕਦਾ, ਆਤਮਾ ਮਾਂਜੀਦੀ ਹੈ, ਦਿਬਾ ਰੂਪ ਵਿਚ ਲਿਸ਼ਕਾਈਦੀ ਹੈ ਗੁਰ ਸ਼ਬਦ ਦੁਆਰਾ ਬਿਨ ਸ਼ਬਦੈ ਕੋਈ ਜੋਗ ਨਹੀਂ। ਸ਼ਬਦ ਗੁਰੂ ਹੈ, ਸੁਰਤ ਧੁਨ ਚੇਲਾ ਹੈ, ਸ਼ਬਦ ਰੂਪੀ ਬੀਨ ਜਦੋਂ ਵਜਦੀ ਹੈ ਸੱਪ ਰੂਪੀ ਸੁਰਤ ਮੇਲਦੀ ਹੈ, ਵਿਗਸਦੀ ਹੈ, ਆਪਾ ਮਿਟਾ ਕੇ ਵਿਚੇ ਲੈ ਹੋ ਜਾਂਦੀ ਹੈ ਦੋਇ ਤੋਂ ਏਕ ਰੂਪ ਹੋ ਜਾਂਦੀ ਹੈ।

ਜਿਉਂ ਜਲ ਮਹਿ ਜਲ ਆਇ ਖਟਾਨਾ।
ਤਿਉਂ ਜੋਤੀ ਸੰਗ ਜੋਤ ਸਮਾਨਾ।

ਵਾਲੀ ਖੇਡ ਵਰਤ ਜਾਂਦੀ ਹੈ।

(ਬਾਕੀ ਅਗਲੀ ਕਿਸ਼ਤ ਵਿਚ ਪੜ੍ਹੋ)

---

## V. P. P. ਬਾਰੇ ਸ਼ਿਕਾਇਤ

ਆਪ ਦੀਆਂ ਚਿਠੀਆਂ ਤੋਂ ਪਤਾ ਲਗਿਆ ਹੈ ਕਿ ਕੁਝ ਸਜਣਾਂ ਨੇ ਵੀ. ਪੀ. ਪੀ. ਛੁਡਾਈਆਂ ਹਨ ਪਰ ਮਾਇਆ ਸਾਡੇ ਕੋਲ ਨਹੀਂ ਪਹੁੰਚੀ। ਰਾਹ ਵਿਚ ਹੀ ਡਾਕਖਾਨਿਆਂ ਕੋਲ ਰਹਿ ਗਈ। ਅਸੀਂ ਡਾਕਖਾਨੇ ਨੂੰ ਲਿਖ ਕੇ ਸ਼ਕਾਇਤ ਕਰ ਰਹੇ ਹਾਂ। ਅਸੀਂ ਸੂਰਾ ਘਲਦੇ ਰਹਾਂਗੇ। ਅਜਿਹੇ ਸਜਣਾਂ ਨੂੰ ਚਿਠੀਆਂ ਰਾਹੀਂ ਵੀ ਸੂਚਨਾ ਦੇ ਦਿਤੀ ਗਈ ਹੈ।

ਸੰਪਾਦਕ



www.AKJ.Org

# ਸੂਰੇ ਲਈ ਸਹਾਇਤਾ

ਹੇਠ ਲਿਖੇ ਸਜਣਾਂ ਨੇ ਸੂਰੇ ਲਈ ਸਹਾਇਤਾ ਭੇਜੀ ਹੈ।

| | | | ਰੁਪਏ |
|---|---|---|---|
| (ੳ) ਭਾਈ ਲਾਭ ਸਿੰਘ ਜੀ ਲਾਭ, ਧਨਬਾਦ। | ... | ... | 30-00 |
| (ਅ) ਭਾਈ ਖੇਮ ਸਿੰਘ ਜੀ, ਯਮਨਾ ਨਗਰ। ਕਾਕਾ ਪਰਮਿੰਦਰ ਸਿੰਘ ਦੇ ਮਿਲਟਰੀ ਕਾਲਜ ਵਿਚ ਚੁਣੇ ਜਾਣ ਦੀ ਖ਼ੁਸ਼ੀ ਵਿਚ। | | | 5-00 |
| (ੲ) ਕੈਪਟਨ ਅਵਤਾਰ ਸਿੰਘ ਜੀ, ਸਿਲਚਰ, ਅਸਾਮ। | | | 20-00 |

ਅਸੀਂ ਇਨ੍ਹਾਂ ਦੇ ਅਤਿ ਧੰਨਵਾਦੀ ਹਾਂ।

ਸੰਪਾਦਕ

# ਸੂਚਨਾ

ਚਿੱਠੀ ਪੱਤ੍ਰ ਕਰਨ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਦਿਉ ਜੀ, ਮਨੀਆਡਰਾਂ ਤੇ ਵੀ ਚਿਟ ਨੰਬਰ ਜ਼ਰੂਰ ਲਿਖੋ। ਨਹੀਂ ਤਾਂ ਇਥੇ ਰੀਕਾਰਡ ਵਿਚ ਗਲਤੀ ਹੋ ਜਾਣ ਦਾ ਡਰ ਹੈ। ਕਈ ਵਾਰ ਚਿੱਠੀ ਪਾਉਣ ਵਾਲੇ ਦਾ ਨਾਂ ਲਭਦਾ ਹੀ ਨਹੀਂ।

ਸੰਪਾਦਕ



www.AKJ.Org

# ਭੈ ਬਿਨ ਕੋਇ ਨ ਲੰਘਸਿ ਪਾਰ

ਵਲੋਂ: ਪ੍ਰੋ: ਗੁਰਮੁਖ ਸਿੰਘ ਜੀ,
ਡਬਲ ਐਮ. ਏ.

★★★

ਅਜ ਦੇ ਮਨੁਖ ਨੇ ਸਿਖਿਆ (Education) ਦਾ ਜੋ ਪਸਾਰਾ ਖਲੇਰ ਲਿਆ ਹੈ, ਉਸ ਵਿਚੋਂ ਜੇ ਕੋਈ ਚੀਜ਼ ਗੁੰਮ (missing) ਹੈ ਤਾਂ ਉਹ ਹੈ ਅਕਾਲ ਪੁਰਖ ਦਾ ਭਉ। ਪਛਮੀ ਪਰਭਾਵ ਹੇਠ ਅਸੀਂ ਆਪਨੇ ਬਚਿਆਂ ਨੂੰ ਸਿਖਾਉਂਦੇ ਹਾਂ ਕਿ ਮਨੁਖ ਦੀ ਤੇ ਕੁਦਰਤ ਦੀ ਸਦਾ ਲੜਾਈ ਰਹੀ ਹੈ। (Man has been at war with Nature) ਇਹ ਵਿਚਾਰ ਸਾਡੇ ਅੰਦਰ ਭੈ—ਅਦਬ ਨਹੀਂ ਪੈਦਾ ਕਰਦੇ ਸਗੋਂ ਸਾਡੇ ਅੰਦਰ ਹਉਮੇਂ ਦਾ ਮਾਰੂ ਬੀਜ ਬੋ ਦਿੰਦੇ ਹਨ, ਤੇ ਮਨੁਖ ਸਾਰੀ ਉਮਰ ਕੁਦਰਤ ਨਾਲ ਜੰਗ ਕਰਨ ਦੀ ਸੋਚਦਾ ਹੈ, ਪਿਆਰ ਤੇ ਕੀ ਕਰਨਾ ਸੀ।

ਪਰ ਗੁਰੂ ਨਾਨਕ ਦੀ ਪਾਠ ਸ਼ਾਲਾ ਵਿੱਚ ਪਾਠ ਇਹ ਪੜਾਇਆ ਜਾ ਰਿਹਾ ਹੈ।

ਭੈ ਵਿਚਿ ਪਵਣ ਵਹੈ ਸਦ ਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮੁ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿੱਚ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾ ਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥
(ਆਸਾ ਦੀ ਵਾਰ)

ਜਿਹੜਾ ਨੌਜਵਾਨ ਗੁਰੂ ਗ੍ਰੰਥ ਸਾਹਿਬ ਤੋਂ ਪੜੇਗਾ, ਉਸਨੂੰ ਜਿਖਿਆ ਮਿਲੇਗੀ ਕਿ ਪਛਮੀ ਗਿਆਨ ਦਾ ਦਾਇਰਾ ਅਜੇ ਕਿਡਾ ਸੀਮਤ ਹੈ, ਕੁਦਰਤ ਤੇ ਮਨੁਖ ਦੀ ਲੜਾਈ ਨਹੀਂ ਇਹ ਤਾਂ ਉਸ ਦੀ ਰਚਨਾ ਹੈ, ਮਾਨਸੂਨ ਅਤੇ ਹੋਰ ਕਈ ਪ੍ਰਕਾਰੀ ਪਉਣਾਂ ਵੇਲੇ ਸਿਰ ਚੁੱਕੇ ਕੰਮ ਕਰਦੀਆਂ ਹਨ। ਉਸਦੇ (ਹੁਕਮ) ਭੈ ਅੰਦਰ, ਦਰਿਆ ਚਲਦੇ ਹਨ, ਅਗਨੀ ਦਾ ਹਰ ਪ੍ਰਕਾਰੀ ਵਿਗਾੜ ਉਸਦੇ ਭੈ ਅੰਦਰ ਹੋ ਰਿਹਾ ਹੈ। ਧਰਤੀ ਵਿਚਾਰੀ ਐਨੇ ਭਾਰ ਨਾਲ ਦਬੀ ਹੈ ਫਿਰ ਭੀ ਖੜੀ ਹੈ ਭੈ ਵਿੱਚ। ਰਾਜਾ ਇੰਦਰ, ਦੇਵਤਿਆਂ



www.AKJ.Org

ਦਾ ਸ਼੍ਰੋਮਣੀ ਦੇਵਤਾ ਅਦਬ ਵਿੱਚ ਅਰਦਲ ਵਿੱਚ ਖੜਾ ਰਹਿੰਦਾ ਹੈ। ਇਸੇ ਤਰਾਂ ਧਰਮ-ਰਾਜਾ ਉਸਦੇ ਅਦਬ ਵਿੱਚ ਹੈ। ਵਿਗਿਆਨ ਤਾਂ ਮੰਨਦਾ ਆਇਆ ਹੈ ਕਿ ਸੂਰਜ ਮੰਡਲ ਦਾ ਸੂਰਜ ਅਪਣੀ ਥਾਵੇਂ ਖੜਾ ਹੈ ਪਰ ਗੁਰੂ ਨਾਨਕ ਦੀ ਸਾਇੰਸ ਨੇ ੧੬ ਵੀਂ ਸਦੀ ਵਿੱਚ ਹੀ ਐਲਾਨ ਕਰ ਦਿਤਾ ਸੀ ਕਿ ਸੂਰਜ ਅਤੇ ਚੰਨ ਭੀ ਕਰੋੜਾਂ ਕੋਹ ਚਲਦੇ ਹਨ ਪਰ ਹੈਨ ਉਸਦੇ ਭੈ ਵਿੱਚ ਭਾਂਵੇ ਅਜ ਅਸੀ ਸੂਰਜ ਤੇ ਹੋਰ ਗ੍ਰਿਹਾਂ ਵਿਚਕਾਰ ਖਿਚ ਮੰਨਦੇ ਹਾਂ (gravity) ਪਰ ਸਤਿਗੁਰੂ ਜੀ ਇਸ ਸਾਰੀ gravity ਨੂੰ ਭੈ ਹੀ ਦਸਦੇ ਹਨ ਜਿਸਦੇ ਸਹਾਰੇ ਆਕਾਸ਼ ਨੂੰ ਆਡਾਣਿਆ ਗਿਆ ਹੈ, ਆਕਾਸ਼ ਦੀ ਛਤਰੀ ਖੋਲ੍ਹੀ ਰਖੀ ਗਈ ਹੈ।

ਤੇ ਅੰਤ ਵਿੱਚ ਗਲ ਨੂੰ ਸਿਰੇ ਲਾਉਣ ਲਈ ਮਹਾਰਾਜ ਫੁਰਮਾਂਦੇ ਹਨ ਕਿ ਕਾਦਰ ਤੇ ਕੁਦਰਤ ਵਿਚਕਾਰ ਘੋਲ ਨਹੀਂ ਸਗੋਂ ਉਸਨੇ ਸਭ ਨੂੰ ਆਪਣੇ ਭੈ ਵਿੱਚ ਹੀ ਤਣਿਆ ਹੋਇਆ ਹੈ। ਉਸਦੇ ਹੁਕਮ ਤੋਂ ਬਾਹਰ ਕੋਈ ਨਹੀਂ ਚਲਦਾ।

ਅਸੀਂ ਤਾਂ ਹੋਛੀਆਂ ਗਲਾਂ ਕਰਕੇ ਭੁਲ ਕਰਦੇ ਹਾਂ। ਦਰਅਸਲ ਸਾਡੇ ਮਨ ਵਿੱਚ ਅਕਾਲ ਪੁਰਖ ਜਾਂ ਗੁਰੂ ਦੇਵ ਲਈ ਭੈ ਅਦਬ ਸਤਕਾਰ ਨਹੀਂ। ਸਿਖਿਆ ਪ੍ਰਣਾਲੀ ਵਿੱਚ ਭੈ ਜਾਂ ਅਦਬ ਦੀ ਘਾਟ ਉਤੇ ਇਕ ਥਾਂ ਹੋਰ ਸੰਕੇਤ ਮਿਲਦਾ ਹੈ।

ਭਉ ਮੁਚੁ ਭਾਰਾ ਵਡਾ ਤੋਲੁ
ਮਨਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥
ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥
ਭੈ ਬਿਨੁ ਘਾੜਤ ਕਚੁ ਨਿਕਚ
ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥

ਭਾਵ ਪਰਮ ਪਿਤਾ ਪਰਮਾਤਮਾ ਦਾ ਭੈ, ਡਰ ਬਹੁਤ ਵਡਾ ਹੈ ਤੇ ਵਡੇ ਤੋਲ ਵਾਲਾ ਹੈ। ਅਤੇ ਇਸ ਡਰ ਤੋਂ ਗੰਭੀਰਤਾ ਤੇ ਵਡਿਆਈ ਦੀ ਪ੍ਰਾਪਤੀ ਹੁੰਦੀ ਹੈ। ਇਸ ਦੇ ਉਲਟ ਮਨ-ਮੁਖਾਂ ਦੀ ਮਤ ਹੋਛੀ ਤੇ ਹਲਕੀ ਹੁੰਦੀ ਹੈ ਇਸ ਲਈ ਉਹ ਗਲਾਂ ਹੀ ਕਰਦੇ ਹਨ। 'ਮਨਮੁਖ ਕਥਨੀ ਹੈ ਪਰ ਰਹਤ ਨ ਹੋਈ'॥ ਫਿਰ, ਜੇ ਮਨੁਖ ਵਾਹਿਗੁਰੂ ਜੀ ਦੇ (ਅਦਬ) ਭੈ ਨੂੰ ਪ੍ਰੇਮ ਨਾਲ ਆਪਣੇ ਸਿਰ ਤੇ ਰਖੇ ਤੇ ਤਕੜਾ ਹੋਕੇ ਭਾਰ ਝਲੇ (ਹੁਕਮ ਰਜ਼ਾ ਵਿੱਚ ਰਹੇ) ਤਾਂ ਜਾਕੇ ਉਸ ਨਦਰ ਵਾਲੇ ਦੀ ਬਖਸ਼ਸ਼ ਹੁੰਦੀ ਹੈ ਤੇ ਸਚੇ ਗੁਰੂ ਦੀ ਵੀਚਾਰ (ਸ਼ਰਨ, ਉਪਦੇਸ਼) ਪ੍ਰਾਪਤ ਹੁੰਦੀ ਹੈ।

ਮੁਕਦੀ ਗਲ ਇਹ ਹੈ ਕਿ ਬਿਨਾ ਇਸ ਭੈ ਨੂੰ ਧਾਰਨ ਕੀਤਿਆਂ, ਗੁਰੂਦੇਵ ਫੁਰਮਾਂਦੇ ਹਨ, ਦੁਨੀਆਂ ਦਾ ਕੋਈ ਭੀ ਪ੍ਰਾਣੀ ਜਨਮ-ਮਰਣ ਦੀ ਚਉਰਾਸੀ ਤੋਂ ਪਾਰ ਨਹੀਂ ਲੰਘ ਸਕਦਾ ਅਤੇ ਇਸ ਭੈ ਭਉ ਵਾਲੇ ਜੀਵਨ ਨੂੰ ਅਗਰ ਕੋਈ



www.AKJ.Org

ਚੀਜ਼ ਸੰਵਾਰ ਕੇ ਰਖ ਸਕਦੀ ਹੈ ਤਾਂ ਉਹ ਹੈ ਪ੍ਰੇਮਾ ਭਗਤੀ ।

ਪਰਮ ਮਨੁਖ ਦੀ ਤਸਵੀਰ:-

ਇਸ ਸ਼ਬਦ ਵਿੱਚ ਅਗੋਂ ਚਲਕੇ ਗੁਰੂ ਨਾਨਕ ਪਾਤਸ਼ਾਹ ਤਰੀਕਾ ਦਸ ਰਹੇ ਹਨ ਕਿਵੇਂ ਪਰਮ-ਮਨੁਖ ਦਾ ਆਦਰਸ਼ਕ ਸਾਂਚਾ ਢਾਲਿਆ ਜਾਏ । ਸਰੀਰ ਅੰਦਰ ਜੋ ਸ਼ਕਤੀਆਂ ਹਨ ਉਹਨਾਂ ਨੂੰ ਇਸ ਭੈ ਦੀ ਛੋਹ ਨਾਲ ਹੋਰ ਵਧੇਰੇ ਭਖਾਓ ਭਾਵ ਤੇਜ਼ ਕਰੋ । ਅਤੇ ਸਤਿਗੁਰਾਂ ਦੀ ਚਰਨੀ ਲਗਕੇ, ਗੁਰ ਦੀਖਿਆ 'ਗੁਰਮੰਤਰ' ਲੈ ਕੇ (ਭਾਵ ਅੰਮ੍ਰਿਤ ਛਕਕੇ ਤਿਆਰ-ਬਰ-ਤਿਆਰ ਹੋਕੇ) ਫਿਰ ਇਸ ਸਾਂਚੇ ਨੂੰ ਘੜਨਾ ਹੈ ਭਾਵ ਪ੍ਰੇਮ ਵਿੱਚ ਰੰਗੀਜ ਕੇ ਅਤੁਟ ਕਮਾਈਆਂ ਕਰਨੀਆਂ ਹਨ । ਇਹ ਪਰਮ-ਮਨੁਖ ਦਾ ਸਾਂਚਾ ਸਬਦਿ ਦੀ ਕਮਾਈ ਨਾਲ ਸੋਹਣਾ ਸਵਾਰ ਕੇ ਘੜਿਆ ਜਾਏਗਾ ।

ਅਗਲੀ ਤੁਕ ਵਿੱਚ ਹੁਕਮ ਹੋ ਰਿਹਾ ਹੈ ਕਿ ਬਿਨਾ ਪ੍ਰਭੂ-ਭੈ-ਭਗਤੀ ਤੋਂ ਖਾਲੀ, ਜਿਤਨੇ ਭੀ ਦੁਨੀਆਂ ਦੇ ਪਰਮ-ਮਨੁਖ ਬਨਾਣ ਦੇ ਆਦਰਸ਼ ਹਨ, ਸਾਂਚੇ ਹਨ, ਉਹ ਸਾਰੇ ਕਚੇ ਹਨ । ਕਚੇ ਇਸ ਲਈ ਹਨ ਕਿਉਂਕਿ ਉਹਨਾਂ ਵਿੱਚ ਵਾਹਿਗੁਰੂ ਦਾ ਅਦਬ ਤੇ ਭੈ ਨਹੀਂ ਹੈ, ਤੇ ਉਹਨਾਂ ਦੇ ਆਦਰਸ਼ ਜਾਂ ਸਾਂਚੇ ਬਾਰੇ ਇਕ ਹੋਰ ਸਵਾਦਲੀ ਗਲ ਇਹ ਹੈ ਕਿ ਉਹ ਸਾਂਚਾ ਅੰਧਾ ਹੈ, ਭਾਵ ਅਗਿਆਨਤਾ ਭਰਪੂਰ ਹੈ, ਤੇ 'ਅੰਧੀ ਸਟ' ਭਾਵ ਜੋ ਭੀ ਉਸ ਤੇ ਮਿਹਨਤ ਕੀਤੀ ਜਾਂਦੀ ਹੈ ਉਹ ਭੀ ਅਗਿਆਨਤਾ ਵਸ ਹੋ ਕੇ, ਕੀਤੀ ਜਾਂਦੀ ਹੈ ਤੇ ਜੋ ਤਿਆਰ (finished product) ਹੁੰਦਾ ਹੈ ਉਹ ਅਗਿਆਨੀ ਹੁੰਦਾ ਹੈ ਭਾਵ ਸਰਬੋਤਮ ਗਿਆਨ ਤੋਂ ਖਾਲੀ ।

ਅਤੇ ਇਸ ਅਗਿਆਨੀ ਦੀ ਰੁਚੀ (ਬੁਧੀ) ਸੰਸਾਰਕ ਖੇਡ-ਚਕ੍ਰ ਤਕ ਹੀ ਦੌੜਦੀ ਹੈ ਭਾਵੇਂ ਲਖ ਚਤਰਾਈਆਂ ਜਾਣੇ ਪਰ ਇਸ ਬੁਧੀ ਨੂੰ ਸਚੇ-ਅਕਾਲ ਪੁਰਖ ਜੀ ਦੇ ਭੈ ਦੇ ਸੇਕ ਦਾ ਕਦੀ ਅਹਿਸਾਸ ਤਕ ਨਹੀਂ ਹੁੰਦਾ । ਇਸ ਲਈ ਗੁਰੂ ਨਾਨਕ ਪਾਤਸ਼ਾਹ ਗਵਾਹੀ ਭਰਦਿਆਂ ਫੁਰ-ਮਾਂਦੇ ਹਨ, ਕਿ ਮਨਮੁਖ ਐਵੇਂ ਫ਼ਜ਼ੂਲ ਹੀ ਬੋਲਦੇ ਹਨ, ਅਤੇ ਉਹਨਾਂ ਦਾ ਬੋਲਿਆ ਅੰਧ-ਅਗਿ-ਆਨ ਹੀ ਹੈ ਜੋ ਨਿਰਾ ਰੋਲ ਘਚੋਲਾ ਹੀ ਹੁੰਦਾ ਹੈ ।

ਕਿਆ ਕਮਾਲ ਹੈ ! ਸਤਿਗੁਰਾਂ ਨੇ ਕਿਡੀ ਉਚੀ ਗਲ ਆਖੀ ਹੈ ਕਿ ਵਾਹਿਗੁਰੂ ਜੀ ਦੇ ਭੈ ਤੋਂ ਬਿਨਾ ਆਪਣੀ ਮਤ ਦੇ ਆਸਰੇ ਜੋ ਆਚਰਣ ਘੜਿਆ ਜਾਂਦਾ ਹੈ ਜਾਂ ਘੜਿਆ ਜਾਏਗਾ, ਉਹ ਕਚਾ ਹੁੰਦਾ ਹੈ । ਜਿਸ ਸਾਂਚੇ ਵਿਚ ਅਸੀਂ ਮਾਡ-ਰਨ (modern) ਸਿਖਿਆ ਰਾਹੀਂ ਮਨੁਖ ਨੂੰ ਢਾਲ ਰਹੇ ਹਾਂ ਉਹ ਸਾਂਚਾ ਹੀ ਅੰਨੇਵਾਹ ਹੈ ਤੇ ਸਟਾਂ ਭੀ ਅੰਨੇਵਾਹ । ਤੇ ਨਤੀਜਾ ਕੀ ਨਿਕਲ ਰਿਹਾ ਹੈ : ਅੰਧ-ਅੰਧਾਰ । ਅਗਿਆਨਤਾ (frustration, confusion) ਅਸੀਂ ਕਿਸ ਕਿਸਮ ਦੇ ਮਨੁਖ ਤਿਆਰ ਕਰਨੇ ਹਨ ਇਸ ਬਾਰੇ ਅਸੀਂ ਅਜੇ ਸਲਾਹਵਾਂ ਹੀ ਕਰੀ ਜਾਂਦੇ ਹਾਂ, । ਤੇ ਅਜੋਕੇ ਬੇਮੁਹਾਰੇ ਮਨੁਖ ਤੇ ਜੋ ਮੇਹਨਤ ਹੋ ਰਹੀ ਹੈ ਅੰਨ੍ਹੇ-ਵਾਹ ਸਟਾਂ ਲਾਣ ਦੇ ਬਰਾਬਰ ਹੈ ।

ਅਮਰੀਕਾ ਦੀ ਹੀ ਮਿਸਾਲ ਲੈ ਲਓ । ਉਥੇ ਪਰਮਾਤਮਾਂ ਨੇ ਲੋਕਾਂ ਨੂੰ ਆਜ਼ਾਦੀ (1783) ਮਿਲਣ ਤੋਂ ਪਿਛੋਂ ਕਰੀਬ 150 ਸਾਲ ਦਾ ਅਮਨ ਬਖ਼ਸ਼ਿਆ । ਉਹ ਮੁਲਕ ਦੁਨੀਆਂ ਦੇ ਝਮੇਲਿਆਂ ਤੋਂ ਦੂਰ ਆਪਣੇ ਆਪਦਾ ਵਿਕਾਸ ਕਰਦਾ



www.AKJ.Org

ਰਿਹਾ। ਅਜ ਉਸਨੂੰ ਸਭ ਤੋਂ ਅਮੀਰ ਦੇਸ਼ ਮੰਨਿਆ ਜਾਂਦਾ ਹੈ। ਅਸੀਂ ਭਾਰਤ ਵਾਸੀ ਗਰੀਬ ਹਾਂ। ਸੋਚਦੇ ਹਾਂ ਕਿ ਜੇ ਅਸੀਂ ਭੀ ਘਰ ਘਰ ਨੂੰ ਕਾਰ ਤੇ ਟੈਲੀਵੀਜਨ ਤੇ ਟੈਲ.ਫੂਨ ਮੁਹੱਯਾ ਕਰ ਦੇਈਏ ਅਸੀਂ ਬੜੇ ਸੁਖੀ ਹੋ ਜਾਵਾਂਗੇ। ਭਾਰਤ ਦੇ ਨੌਜਵਾਨ ਦਾ ਟੀਚਾ (Target) ਕੇਵਲ ਇਹੋ ਹੈ ਕਿ ਕਿਸਤਰਾਂ ਅਮੀਰ ਬਣਿਆ ਜਾਏ। ਪਹਿਲਾਂ ਅਮੀਰੀ ਠਾਠ-ਬਾਠ ਤੇ ਫਿਰ ਰੱਬ। ਇਹੋ ਨਿਸ਼ਾਨਾ ਅਜ ਤੋਂ ਸੌ ਦੋ ਸੌ ਸਾਲ ਪਹਿਲਾਂ ਬਰਤਾਨੀਆਂ, ਜਰਮਨੀ ਤੇ ਹੋਰ ਵਡੇ ਵਡੇ ਦੇਸ਼ਾਂ ਦੇ ਲੋਕਾਂ ਦਾ ਭੀ ਸੀ। ਪਰ ਉਹਨਾਂ ਲੋਕਾਂ ਨੂੰ ਅਜ ਪੁਛੋ, 'ਕੀ ਤੁਸੀਂ ਖੁਸ਼ ਹੋ'? ਕੀ ਤੁਸੀਂ ਸੁਖੀ ਹੋ?'

ਉਹਨਾਂ ਦਾ ਉਤਰ ਅਜ ਦੇ ਹਿੱਪੀ ਦੇ ਰਹੇ ਹਨ। ਉਹਨਾਂ ਦੀ ਪ੍ਰਤੀਨਿਧਤਾ ਉਹ ਯੁਵਕ ਕਣ ਰਹੇ ਹਨ ਜੋ ਨਫ਼ਸੀ ਖੁਲ੍ਹ ਖੇਡ (permissive Society) ਲਈ ਆਵਾਜ਼ਾਂ ਉਠਾ ਰਹੇ ਹਨ ਤੇ ਆਏ ਸਾਲ ਆਤਸ਼ਕ-ਸੁਜ਼ਾਕ (V. D.) ਦੇ ਰੋਗੀ ਬਣ ਰਹੇ ਹਨ। ਸਤਿਗੁਰਾਂ ਨੇ ਸਾਡੀ ਸੇਧ ਲਈ ਪਹਿਲਾਂ ਹੀ ਫੁਰਮਾ ਦਿਤਾ ਹੈ।

ਸੁਖ ਨਾਹੀ ਬਹੁਤੇ ਧਨ ਖਾਟੇ ॥
ਸੁਖ ਨਾਹੀ ਪੇਖੇ ਨਿਰਤਨਾਟੇ ॥
ਸੁਖ ਨਾਹੀ ਬਹੁ ਦੇਸ ਕਮਾਇ ॥
ਸਰਬ ਸੁਖਾ ਹਰਿ ਹਰਿ ਗੁਣ ਗਾਇ ॥

ਪਾਗਲ ਪਣੇ ਦੀ ਪਰਤੀਸ਼ਤ ਅਮਰੀਕਾ ਵਿੱਚ ਸਹਿਜੇ ਸਹਿਜੇ ਵਧਦੀ ਜਾਂਦੀ ਹੈ। ਧਨਾਢ ਬਣ ਜਾਣਾ ਕੋਈ ਉਚ ਆਦਰਸ਼ ਨਹੀਂ। ਅਜ ਕਲ ਦੀਆਂ ਸੂਬਾਈ ਸਰਕਾਰਾਂ ਤਰਕੀਬਨ ਹਰ ਮਹੀਨੇ ਇਕ ਦੋ ਵਿਅਕਤੀਆਂ ਨੂੰ ਲਖਪਤੀ ਬਣਾ ਦਿੰਦੀਆਂ ਹਨ। ਦਿਨਾਂ ਵਿੱਚ ਹੀ ਹੇਰਾ-ਫੇਰੀ ਨਾਲ ਮਨੁਖ ਧਨੀ ਬਣ ਜਾਂਦੇ ਹਨ। ਇਹੋ ਜਹੇ ਧਨਵਾਨ ਲੋਗਾਂ ਨੂੰ ਆਤਮਕ-ਰਾਹ ਦੀ ਕਦੀ ਸੋਝੀ ਆ ਹੀ ਨਹੀਂ ਸਕਦੀ! ਇਸ ਲਈ ਗੁਰ-ਮਤਿ ਅਨੁਸਾਰ ਧਨੀ ਬਣਨਾ ਇਕ ਨੀਵਾਂ ਜਿਹਾ ਟੀਚਾ ਹੈ।

ਮਾਇਆ ਧਾਰੀ ਅਤਿ ਅਨਾ ਬੋਲਾ

ਪੰਨਾ—ਬੋਲ ਨ ਜਾਣੈ ਮਾਇਆ ਮਦ ਮਾਤਾ ਮਰਣਾ ਚੀਤ ਨਾ ਆਵੈ।

ਫਰਾਂਸ ਦੇ ਫ਼ਿਲਾਸਫ਼ਰ ਤੇ ਉਘੇ ਸਾਹਿਤ-ਕਾਰ ਸਾਤਰ ਨੇ ਆਪਣੀ ਨਵੀਨ ਵਿਚਾਰ-ਧਾਰਾ (existentialism) ਖੁਲ੍ਹ-ਵਾਦ ਰਾਹੀਂ ਪਰਚਾਰ ਕੀਤਾ ਹੈ ਕਿ ਮਨੁਖ ਦਾ ਮਨ ਹਰ ਤਰ੍ਹਾਂ ਨਾਲ ਸੁਤੰਤਰ ਹੈ ਅਤੇ ਹੋਣਾ ਚਾਹੀਦਾ ਹੈ। ਮਨੁਖ ਇਕ ਜ਼ੁਮੇਵਾਰ ਪ੍ਰਾਣੀ ਹੈ ਇਸ ਲਈ ਉਸਦੀ ਅਕਲ (intellect) ਤੇ ਭਰੋਸਾ ਕਰਨਾ ਚਾਹੀਦਾ ਹੈ ਭਾਵ ਉਹ ਜੋ ਭੀ ਕੰਮ ਕਰੇਗਾ ਆਪਣਾ ਨਫ਼ਾ-ਨੁਕਸਾਨ ਸੋਚ ਕੇ ਕਰੇਗਾ। ਤੇ ਤੀਜੀ ਗਲ ਉਸਨੇ ਬੜੀ ਅਜਬ ਜਹੀ ਆਖੀ ਕਿ ਕਿਸੇ ਭੀ ਮਨੁਖ ਲਈ ਕੋਈ (priory) ਪਹਿਲਾਂ ਤੋਂ ਮਿਥਿਆ ਹੋਇਆ ਟੀਚਾ ਜਾਂ ਆਦਰਸ਼ ਨਹੀਂ ਹੈ। ਸਗੋਂ ਮਨੁਖ ਹੀ ਆਪਣੀ ਅਕਲ ਦੇ ਆਸਰੇ ਜ਼ਿੰਦਗੀ ਭਰ (ਅੰਨ੍ਹੇ-ਵਾਹ) ਠੁਡੇ ਖਾਂਦਾ ਕਿਸੇ ਟਿਕਾਣੇ ਅਪੜਦਾ ਹੈ। ਭਾਵ ਇਸ ਫ਼ਲਾਸਫ਼ੀ ਵਿੱਚ ਜੋ ਮਨੁਖ ਕਰਦਾ ਹੈ ਉਹ ਸਭ ਠੀਕ ਹੈ। ਪਹਿਲਾਂ ਤੋਂ ਤਿਆਰ ਕੀਤਾ ਉਸ ਲਈ ਕੋਈ ਸਾਂਚਾ ਘੜਕੇ ਨਹੀਂ ਰਖਿਆ ਹੋਇਆ।



www.AKJ.Org

ਇਸ ਨਵੀਨ ਵਿਚਾਰ ਧਾਰਾ ਅਨੁਸਾਰ ਮਨੁਖ ਨੂੰ ਮਨਾਂਕਾਰ ਹੋਣ ਦੀ ਹਰ ਤਰਾਂ ਖੁਲ੍ਹ ਦਿਤੀ ਗਈ ਹੈ ਅਤੇ ਉਸਦੇ ਸਾਹਮਣੇ ਕੋਈ ਭੀ ਜੀਵਨ ਆਦਰਸ਼ ਨਹੀਂ ਰਖਿਆ ਗਿਆ । ਗੁਰੂ ਮਹਾਰਾਜ ਦੇ ਫੁਰਮਾਨ ਅਨੁਸਾਰ ਉਸਦਾ ਮਨ ਅਕਾਲ ਪੁਰਖ ਜਾਂ ਗੁਰੂ ਦੇ ਭੈ ਤੋਂ ਸਖਣਾ ਹੋਣ ਕਰਕੇ ਆਪ ਮੁਹਾਰਾ ਅੰਨ੍ਹੇਵਾਹ ਆਪਣੇ ਆਪ ਨੂੰ ਕਿਸੇ ਸਾਂਚੇ ਵਿੱਚ ਢਾਲਣ ਦਾ ਜਤਨ ਕਰਦਾ ਹੈ । ਉਸਦਾ, ਬੋਲਨਾ ਪ੍ਰਚਾਰ ਕਰਨਾ, ਸਾਹਿਤ ਦੀ ਰਚਨਾ ਕਰਨਾ ਸਭ ਫਜ਼ੂਲ ਜਤਨ ਹਨ ।

ਭੈ ਬਿਨ ਘਾੜਤ ਕਚੁਨਿਕਚ
ਅੰਧਾ ਸਚਾ ਅੰਧੀ ਸਟ ॥
ਨਾਨਕ ਮਨਮੁਖ ਬੋਲਣ ਵਾਉ ॥
ਅੰਧਾ ਅਖਰੁ ਵਾਉ ਦੁਆਉ ॥

ਗੁਰਸਿਖੀ ਦਾ ਰਾਹ ਭੈ ਭਾਵਨੀ ਦਾ ਰਾਹ ਹੈ । ਸਤਿਗੁਰੂ ਦ ਭੈ ਤੋਂ ਬਿਨਾਂ ਸਤਿਗੁਰੂ ਦੇ ਬਚਨਾਂ ਤੇ ਅਮਲ ਨਹੀਂ ਕਰ ਹੁੰਦਾ । ਅਲੂਣੀ ਸਿਲ ਚਟ ਨਹੀਂ ਹੁੰਦੀ । ਖੁਟਹਰ ਮਨ ਆਪਣੇ ਜੁਗਾਂ ਜੁਗਾਂ ਦੇ ਸੁਭਾ ਅਨੁਸਾਰ ਰਸਾਂ ਕਸਾਂ ਵਲ ਦੌੜਦਾ ਹੈ। ਗੁਰੂ ਦਾ ਭੈ ਹੀ ਹੈ ਜਿਹੜਾ ਇਸਨੂੰ ਸਿੱਧਾ ਰਖਦਾ ਹੈ। ਬੁਰਿਆਈਆਂ ਤੋਂ ਹੋੜਦਾ ਹੈ ਤੇ ਨਾਮ ਜਪਣ ਲਾਉਂਦਾ ਹੈ। ਅਸੀਂ ਗੁਰੂ ਦੇ ਲੜ ਲਗੇ ਹਾਂ। ਉਹ ਸਦਾ ਹੀ ਦੇਖਦਾ ਤੇ ਜਾਣਦਾ ਹੈ ਕਿ **ਅਸੀਂ** ਕੀ ਰਕਦੇ ਹਾਂ ਕੀ ਨਹੀਂ ਕਰਦੇ । ਨਾਮ **ਜਪਣ** ਲਈ ਭੈ ਅਤਿ ਲਾਜ਼ਮੀ ਹੈ। "ਭੈ ਬਿਨ ਕੋਇ ਨ ਲੰਘਸਿ ਪਾਰਿ ।."

ਗੁਰਮਤਿ ਅੰਦਰ ਸਭ ਤੋਂ ਪਹਿਲਾਂ ਮਨੁਖੀ ਅਮੋੜ ਮਨ ਨੂੰ ਗੁਰੂ ਸ਼ਬਦ ਤੇ ਗੁਰ-ਹੁਕਮਾਂ ਦੇ ਅੰਕਸ ਨਾਲ ਮਾਰਿਆ ਜਾਂਦਾ ਹੈ । ਫਿਰ ਗੁਰੂ ਰਾਹੀਂ ਸੁਲਝਿਆ ਮਨ ਜੋਤ ਸਰੂਪ ਦੀ ਪਦਵੀ ਨੂੰ ਪ੍ਰਾਪਤ ਹੁੰਦਾ ਹੈ । ਗੁਰਮਤਿ ਅੰਦਰ ਮਨੁਖ ਲਈ ਸਭ ਤੋਂ ਉਚਾ ਆਦਰਸ਼ 'ਜੀਵਨ-ਮੁਕਤ' ਦਾ ਆਇਆ ਜਾਂ ਇਉਂ ਕਹੀਐ ਕਿ :-

'ਗੁਰਮੁਖ ਮਾਇਆ ਵਿਚ ਉਦਾਸੀ' ਦਾ ਆਦਰਸ਼ ਸਾਡੇ ਸਾਹਮਣੇ ਰਖਿਆ ਗਿਆ ਹੈ । 'ਮੁਰਗਾਈ ਨੈਸਾਣੇ' ਦਾ ਸੰਕੇਤ ਦਿਤਾ ਗਿਆ ਹੈ।

ਸ਼ੁਕਰ ਹੈ ਸਤਿਗੁਰਾਂ ਦਾ ਜਿਨ੍ਹਾਂ ਭਿੰਨ ਭਿੰਨ ਫਿਲਾਸਫੀਆਂ ਦੇ ਭੰਬਲ-ਭੂਸਿਆਂ ਤੋਂ ਬਚਾ ਲਿਆ ਹੈ ਤੇ ਸਪਸ਼ਟ ਰੂਪ ਵਿਚ ਦਸਿਆ ਹੈ :-

ਗੁਰ ਕੀ ਮਤ ਤੂ ਲੈ ਇਆਨੇ ॥
ਭਗਤ ਬਿਨਾ ਬਹੁ ਡੂਬੇ ਸਿਆਨੇ ॥

ਹੁਣ ਸਾਡੀ ਭਟਕਣਾ ਮੁਕ ਗਈ ਹੈ । ਅਸੀ ਜੋ ਹਿਦਾਇਤ ਲੈਣੀ ਹੈ ਜੋ ਰੋਸ਼ਨੀ ਲੈਣੀ ਹੈ ਉਹ "ਬਾਣ-ਗੁਰੂ" ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਹੀ ਲੈਣੀ ਹੈ ।

..... ......



www.AKJ.Org

# ਬੰਗਾ ਵਿਖੇ ਕੀਰਤਨ ਸਮਾਗਮ

ਸਤਿਗੁਰੂ ਦੀ ਕਿਰਪਾ ਦੁਆਰਾ ਬੰਗਾ ਵਿਖੇ ੧੮ ਸਤੰਬਰ ਸਨਿਚਰਵਾਰ ਨੂੰ ਛੇਵੀਂ ਪਾਤਸ਼ਾਹੀ ਦੇ ਇਤਹਾਸਕ ਗੁਰਦੁਆਰੇ ਚਰਨ ਕੰਵਲ ਵਿਚ ਰੈਣ ਸਬਾਈ ਕੀਰਤਨ ਹੋਣਾ ਨੀਯਤ ਹੋਇਆ ਹੈ ਜਿਸ ਦੀ ਸਮਾਪਤੀ ੧੯ ਸਤੰਬਰ, ਐਤਵਾਰ ਸਵੇਰੇ ਹੋਵੇਗੀ। ਕੀਰਤਨ ਸ਼ਾਮ ਨੂੰ ੮ ਵਜੇ ਅਰੰਭ ਹੋਏਗਾ ਤੇ ਸਮਾਪਤੀ ਸਵੇਰੇ ੭ ਵਜੇ ਹੋਵੇਗੀ। ਉਪਰੰਤ ਇਕ ਘੰਟੇ ਲਈ ਕਿਸੇ ਸੱਜਣ ਦੇ ਗ੍ਰਿਹ ਵਿਖੇ ਕੀਰਤਨ ਹੋਏਗਾ।

ਸਰਬਤ ਸੰਗਤਾਂ (ਖਾਸ ਕਰ ਲੁਧਿਆਣਾ, ਜਲੰਧਰ, ਤੇ ਹੁਸ਼ਿਆਰਪੁਰ ਦੀਆਂ ਸੰਗਤਾਂ) ਦੇ ਚਰਨਾਂ ਵਿਚ ਬੇਨਤੀ ਹੈ ਕਿ ਦਰਸ਼ਨ ਦੇਵਣ ਤੇ ਹਰਿ ਜਸ ਦੇ ਲਾਹੇ ਲੈਣ।

ਪੁਛ ਗਿਛ ਲਈ—
ਭਾਈ ਕਰਨੈਲ ਸਿੰਘ ਭੋਗਲ,
ਰੇਲਵੇ ਰੋਡ, ਬੰਗਾ।

ਅਖੰਡ ਕੀਰਤਨੀ ਜੱਥਾ
ਬੰਗਾ

# ਸੂਚਨਾ

ਕਈ ਵਾਰ ਪਾਠਕਾਂ ਨੂੰ 'ਸੂਰਾ' ਨਹੀਂ ਮਿਲਦਾ ਰਾਹ ਵਿਚ ਗੁੰਮ ਹੋ ਜਾਂਦਾ ਹੈ। ਸਾਨੂੰ ਸ਼ੀਘਰ ਹੀ ਖਬਰ ਦਿਉ ਤੇ ਆਪਣੇ ਡਾਕੀਏ ਯਾ ਡਾਖਖਾਨੇ ਕੋਲ ਸ਼ਕਾਇਤ ਕਰੋ। ਅਸੀਂ ਆਪ ਨੂੰ ਦੂਸਰੀ ਕਾਪੀ ਭੇਜ ਦਿਆਂਗੇ। ਵੈਸੇ ਸੂਰੇ ਦੇ ਦਫ਼ਤਰ ਵਿਚੋਂ ਦੋ ਵਾਰ ਚੈਕ ਕਰਕੇ ਪਰਚੇ ਭੇਜੇ ਜਾਂਦੇ ਹਨ।



www.AKJ.Org

# ਸੂਚਨਾ

''ਸੂਰੇ ਦੇ ਸਮੂਹ ਪ੍ਰੇਮੀ ਪਾਠਕਾਂ ਤੇ ਦਾਸ ਵਲ, ਪਤਰ ਲਿਖਣ ਵਾਲਿਆਂ ਨੂੰ ਸੂਚਤ ਕੀਤਾ ਜਾਂਦਾ ਹੈ ਕਿ ਦਾਸ ਐਕਸੀਡੈਂਟ ਹੋ ਜਾਨ ਦੇ ਕਾਰਣ ਜਨਵਰੀ 71 ਤੋਂ ਨਾ ਹੀ 'ਸੂਰੇ' ਵਿਚ ਕੋਈ ਲੇਖ ਭੇਜ ਸਕਿਆ ਹੈ ਤੇ ਨਾ ਹੀ ਕੁਝ ਸਜਨਾਂ ਵਲੋਂ ਖਾਸ ਕਰਕੇ ਇੰਗਲੈਂਡ ਤੇ ਅਫਰੀਕਾ ਦੇ ਗੁਰਸਿਖਾਂ ਵਲੋਂ ਘਲੀਆਂ ਹੋਈਆਂ ਚਿਠੀਆਂ ਦੇ ਉਤਰ ਦੇ ਸਕਿਆ ਹੈ। ਜਿਸ ਕਰਕੇ ਕੁਝ ਕੁ ਸਜਨ ਅਪਨੇ ਦਿਲਾਂ ਵਿਚ ਦਾਸ ਬਾਰੇ ਕਈ ਵਿਚਾਰਾਂ ਕਰਦੇ ਹੋਣਗੇ। ਦਾਸ ਖਿਮਾ ਮੰਗਦਾ ਹੋਇਆ ਬੇਨਤੀ ਕਰਦਾ ਹੈ ਕਿ ਐਸੇ ਪ੍ਰੇਮੀ ਸਜਨ ਦਾਸ ਨੂੰ ਅਸ਼ੀਰਵਾਦ ਦੇਣ ਤਾਂ ਜੋ ਗੁਰੂ ਕ੍ਰਿਪਾ ਦੁਆਰਾ ਦਾਸ ਫਿਰ 'ਸੂਰੇ ਦੀ ਦੀ ਰਾਹੀਂ ਗੁਰਸਿਖਾਂ ਦੀ ਸੇਵਾ ਕਰ ਸਕੇ। ਪੂਰਨ ਵਿਸ਼ਵਾਸ ਹੈ ਕਿ ਦਾਤਾ ਦਾਸ ਨੂੰ ਗੁਰਸਿਖਾਂ ਦੀ ਸੇਵਾ ਕਰਨ ਦਾ ਬਲ ਬਖਸ਼ੇਗਾ।

ਦਾਸਰਾ
ਪ੍ਰਿੰਸੀਪਲ ਮਿਹਰ ਸਿੰਘ
F/5 ਰੇਸ ਕੋਰਸ
ਨੇੜੇ ਪੁਲੀਸ ਲਾਈਨ
ਡੇਹਰਾਦੂਨ

(ਸਾਡੀ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਹੈ ਕਿ ਆਪਨੂੰ ਦੇਹ ਅਰੋਗਤਾ ਤੇ ਚੜ੍ਹਦੀ ਕਲਾ ਬਖਸ਼ਣ ਤਾਂ ਕਿ ਫੇਰ ਸਗਤਾਂ ਦੀ ਸੇਵਾ ਸੂਰੇ ਰਾਹੀਂ ਕਰੋ।)

ਸੰਪਾਦਕ



www.AKJ.Org